ੴ ਸਤਿਗੁਰ ਪ੍ਰਸਾਦਿ ॥

—o—

ਜਨਮ ਮਰਨ ਦੁਹਹੂ ਮਹਿ ਨਾਹੀ, ਜਨਿ ਪਰਉਪਕਾਰੀ ਆਇ ॥

ਜੀਅ ਦਾਨ ਦੇ ਭਗਤੀ ਲਾਇਨਿ, ਹਰਿ ਸਿਉ ਲੈਣ ਮਿਲਾਇ ॥

—o—

ਸ੍ਰੀ ੧੦੮ ਸੰਤ ਮਹਾਰਾਜ ਪੂਰਨ ਬ੍ਰਹਮ ਗਿਆਨੀ
ਸਾਂਤਿ ਸਰੂਪ ਪਰਉਪਕਾਰੀ ਜੀਵਾਂ ਦੇ
ਕਲਿਆਨਕਾਰੀ

## ਬਾਬਾ ਜਵਾਲਾ ਸਿੰਘ ਜੀ

ਡੇਰਾ ਸੰਤ ਗੜ੍ਹ (ਹਰਖੋਵਾਲੀਆਂ)

ਦੀ

# ਜੀਵਨ-ਕਿਰਨ

ਲੇਖਕ -

ਗਿ: ਜੋਧ ਸਿੰਘ ਡੇਰਾ ਸੰਤ ਗੜ੍ਹ

1959

http://www.santgarh.com © 2014

ੴ ਸਤਿਗੁਰ ਪ੍ਰਸਾਦਿ

ਜਨਮ ਮਰਨ ਦੁਹਹੂ ਮਹਿ ਨਾਹੀ,
ਜਨਿ ਪਰਉਪਕਾਰੀ ਆਇ ॥
ਜੀਅ ਦਾਨ ਦੇ ਭਗਤੀ ਲਾਇਨ,
ਹਰਿ ਸਿਉ ਲੈਣ ਮਿਲਾਇ ॥

ਸ੍ਰੀ ੧੦੮ ਸੰਤ ਮਹਾਰਾਜ ਪੂਰਨ ਬ੍ਰਹਮ ਗਿਆਨੀ
ਸਾਂਤਿ ਸਰੂਪ ਪਰਉਪਕਾਰੀ ਜੀਵਾਂ ਦੇ
ਕਲਿਆਨਕਾਰੀ

**ਬਾਬਾ ਜਵਾਲਾ ਸਿੰਘ ਜੀ**

ਡੇਰਾ ਸੰਤ ਗੜ੍ਹ (ਹਰਖੋਵਾਲੀਆਂ)

ਦੇ

# ਜੀਵਨ ਦੀ ਇਕ ਕਿਰਨ

ਇਸ ਜੀਵਨ ਕਿਰਨ ਦੇ ਅਧਾਰ ਪਰ ਹੀ ਸੰਤ ਮਹਾਰਾਜ ਜੀ ਦਾ ਵੱਡਾ ਜੀਵਨ ਬਣ ਰਿਹਾ ਹੈ।



http://www.santgarh.com © 2014

ਸ੍ਰੀ ਹਜ਼ੂਰ ਬਾਬਾ ਜਵਾਲਾ ਸਿੰਘ ਸਾਹਿਬ ਜੀ ਪਿੰਡ ਲੰਗੇਰੀ ਹਲਕਾ ਮਹਿਲਪੁਰ ਜ਼ਿਲਾ ਹੁਸ਼ਿਆਰ ਪੁਰ ਵਿਚ ਪਿਤਾ ਨਰੈਣ ਸਿੰਘ ਜੀ ਅਤੇ ਮਾਤਾ ਰਾਜ ਕੌਰ ਜੀ ਦੇ ਕਿ ਦੰਪਤੀ ਜੋੜਾ ਬੜੇ ਭਗਤੀ ਭਾਵ ਵਾਲਾ ਤੇ ਸਿਮਰਨ ਕਰਨ ਵਾਲਾ, ਸੇਵਾ ਭਾਵ ਵਾਲਾ, ਗੁਰੂ ਘਰ ਪਰ ਅਤੁਟ ਸ਼ਰਧਾ ਰਖਣ ਵਾਲਾ, ਖਾਸ ਕਰ ਪਿਤਾ ਨਰੈਣ ਸਿੰਘ ਜੀ ਬੜੇ ਤਪਸਵੀ, ਜਿਨ੍ਹਾਂ ਨੇ ਟੋਬੇ ਆਦਿ ਦੀ ਪਸ਼ੂਆਂ ਦੇ ਪਾਣੀ ਪੀਣ ਲਈ ਆਪ ਹੱਥੀਂ ਟੋਕਰੀ ਚੁਕ ਕੇ ਸੇਵਾ ਕੀਤੀ, ਤਿਨ੍ਹਾਂ ਦੇ ਘਰ ਅਵਤਾਰ ਹੋਇਆ। ਜਿਨ੍ਹਾਂ ਦੇ ਘਰ ਸੱਤ ਲੜਕੀਆਂ ਪੈਦਾ ਹੋਈਆਂ। ਪੁਤਰ ਧਨ ਤੋਂ ਬੜੇ ਉਦਾਸ ਸਨ। ਸੋ ਗੁਰੂ ਕਿਰਪਾ ਨਾਲ ਵੀਤਰਾਗ ਸਰਬਗ ਤੇ ਤ੍ਰਹਗ ਮਹਾਂ ਪੁਰਸ਼ ਬਾਬਾ ਕਾਨ ਦਾਸ ਜੀ, ਜੋ ਉਦਾਸੀ ਸੰਪ੍ਰਦਾ ਵਿਚੋਂ ਸਨ, ਦੇ ਦਰਸ਼ਨ ਹੋਏ। ਸੇਵਾ ਕੀਤੀ। ਸੰਤ ਪਰਸੰਨ ਹੋਏ। ਬਚਨ ਕਿਹਾ ਕਿ ਬੇਟਾ ਜੋ ਤੁਹਾਡੀ ਮੁਰਾਦ ਹੈ ਪੁਤਰ ਦੀ, ਸੋ ਗੁਰੂ ਨਾਨਕ ਬਾਬਾ ਪੂਰੀ ਕਰੇਗਾ। ਤੁਹਾਡੇ ਤਿੰਨ ਪੁੱਤਰ ਪੈਦਾ ਹੋਣਗੇ, ਉਨ੍ਹਾਂ ਵਿਚੋਂ ਇਕ ਪਰਮੇਸ਼ਰ ਰੂਪ ਭਗਤ ਗਿਆਨੀ ਸੰਸਾਰ ਦੇ ਭਲੇ ਲਈ ਆਵੇਗਾ ਜੋ ਕਿ ਤਿਆਗੀ ਬੈਰਾਗੀ ਤਪਸਵੀ ਹੋ ਕੇ ਸਾਰੇ ਸੰਸਾਰ ਪਰ ਵਿਚਰ ਕੇ ਗੁਰ ਨਾਨਕ ਸਾਹਿਬ ਜੀ ਦੇ ਮਿਸ਼ਨ ਦਾ ਰਾਹ ਦਸਾਵੇਗਾ। ਭੁਲੇ ਹੋਏ ਜੀਵਾਂ ਨੂੰ ਭਗਤੀ ਮਾਰਗ ਵਿਚ ਲਾਵੇਗਾ। ਸੋ ਇਕ ਪੁਤਰ ਤੋਂ ਬਾਦ ਭਾਵ ਜਮਾਦਾਰ ਅਛਰ ਸਿੰਘ ਜੀ ਤੋਂ ਬਾਦ ਸਾਹਿਬ ਹਜ਼ੂਰ ਬਾਬਾ ਜਵਾਲਾ ਸਿੰਘ ਜੀ ਦਾ ੧੮੯੦ ਈਸਵੀ ਵਿਚ ਅਵਤਾਰ ਹੋਇਆ। ਤਿਨ੍ਹਾਂ



http://www.santgarh.com © 2014

ਤੋਂ ਬਾਦ ਭਾਈ ਦਇਆ ਸਿੰਘ ਜੀ ਨੇ ਜਨਮ ਲਿਆ। ਮੁਢਲੀ ਵਿਦਿਆ ਗੁਰਮੁਖੀ ਪਿੰਡ ਦੇ ਗਰੰਥੀ ਜੋ ਪਾਸੋਂ ਪੜ੍ਹੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ। ਪੰਜ ਸਾਲ ਸਕੂਲ ਭੀ ਜਾਂਦੇ ਰਹੇ, ਪਰ ਤਿਸ ਵਿਚ ਖਾਸ ਰੁਚੀ ਨਹੀਂ ਦਿਤੀ। ਫਿਰ ਸੰਨ ੧੯੦੮ ਈਸਵੀ ਵਿਚ ੧੮ ਸਾਲ ਦੀ ਉਮਰ ਵਿਚ ੩੫ ਸਿਖ ਰਜਮੈਂਟ ਵਿਚ ਛਾਉਣੀ ਰਾਵਲ ਪਿੰਡੀ ਜੋ ਕਿ ਹੁਣ ਪਾਕਿਸਤਾਨ ਵਿਚ ਹੈ, ਭਰਤੀ ਹੋਏ। ਉਸ ਸਮੇਂ ੩੫ ਸਿਖ ਦਾ ਸੂਬੇਦਾਰ ਮੇਜਰ ਜਵਾਲਾ ਸਿੰਘ ਜੀ ਪਿੰਡ ਲੌਕੇ ਜੋ ਕਿ ਜ਼ਿਲਾ ਸ੍ਰੀ ਅੰਮ੍ਰਿਤਸਰ ਵਿਚ ਹੈ, ਤਿਸ ਲੌਕਿਆਂ ਦੇ ਸਨ, ਜੋ ਬੜੇ ਸੰਤ ਸੇਵੀ ਸ਼ਰਧਾਲੂ ਸਨ। ਆਪ ਹਫਤਾਵਾਰ ਹੋਤੀ ਮਰਦਾਨ ਸਾਹਿਬ ਮਹਾਰਾਜ ਸੰਤ ਆਇਆ ਸਿੰਘ ਜੀ ਜੋ ਕਿ ਸ੍ਰੀ ਬਾਬਾ ਮਹਾਰਾਜ ਸੰਤ ਕਰਮ ਸਿੰਘ ਜੀ ਦੀ ਦੂਸਰੀ ਗੱਦੀ ਨਸ਼ੀਨ ਸਨ, ਤਿਨ੍ਹਾਂ ਦੇ ਦਰਸਨ ਨੂੰ ਜਾਇਆ ਕਰਦੇ ਸਨ। ਜਦੋਂ ਕਿ ਇਕ ਹਫਤੇ ਸੂਬੇਦਾਰ ਮੇਜਰ ਸਾਹਿਬ ਦਰਸ਼ਨ ਨੂੰ ਗਏ ਤਾਂ ਸ੍ਰੀ ਬਾਬਾ ਆਇਆ ਸਿੰਘ ਜੀ ਦੇ ਹੁਕਮ ਦਿਤਾ ਕਿ ਤੁਹਾਡੀ ਪਲਟਨ ਵਿਚ ਇਕ ਸਿਪਾਹੀ ਜਵਾਲਾ ਸਿੰਘ ਨਾਮੇ ਹੈ, ਤਿਸ ਨੂੰ ਦੂਸਰੇ ਹਫਤੇ ਸਾਡੇ ਪਾਸ ਲੈ ਕੇ ਆਉਣਾ। ਸੋ ਸੂਬੇਦਾਰ ਮੇਜਰ ਸਾਹਿਬ ਹਜ਼ੂਰ ਬਾਬਾ ਜਵਾਲਾ ਸਿੰਘ ਸਾਹਿਬ ਜੀ ਨੂੰ ਆਉਣ ਵਾਲੇ ਹਫਤੇ ਹੋਤੀ ਮਰਦਾਨ ਲੈ ਗਿਆ। ਇਹ ਭਾਗਾਂ ਭਰਿਆ ਹਫਤਾ ੧੯੧੧ ਈਸਵੀ ਦਾ ਚੜ੍ਹਦਾ ਹਫਤਾ ਸੀ। ਸਨਿਚਰਵਾਰ ਸ਼ਾਮ ਨੂੰ ਹੋਤੀ ਪਹੁੰਚੇ। ਸੁਬ੍ਹਾ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਹਜ਼ੂਰੀ ਵਿਚ ਆਉਣ ਦਾ ਹੁਕਮ



http://www.santgarh.com © 2014

ਹੋਇਆ। ਸੋ ਸੰਤ ਬਾਬਾ ਜਵਾਲਾ ਸਿੰਘ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸ੍ਰੀ ਮਹਾਰਾਜ ਜੀ ਦੀ ਹਜ਼ੂਰੀ ਗਏ ਤਾਂ "ਗੁਰਦਾਤਾ ਗੁਰ ਹਿਵੈ ਘਰ" ਨੇ ਨਦਰੋ ਨਦਰ ਨਿਹਾਲ ਕੀਤਾ। "ਪੂਰਬ ਕਰਮ ਅੰਕੁਰ ਜਬਿ ਪ੍ਰਗਟਿਓ ਭੇਟਿਓ ਪੁਰਖ ਰਸਕ ਬੈਰਾਗੀ" ਨੇ ਗੁਰ ਉਪਦੇਸ਼ ਦਾ ਤਿਖਾ ਬਾਣ ਮਾਰਿਆ, ਲਾਗਤ ਹੀ ਭੂਮ ਪਰ ਗਿਰ ਗਿਆ।

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨਿ ਜੋ ਏਕ।
ਲਾਗਤ ਹੀ ਭੋਇੰ ਮਿਲ ਗਿਆ ਪਰਾ ਕਲੇਜੇ ਛੇਕ।"

ਦੇ ਮਹਾਂ ਵਾਕ ਅਨੁਸਾਰ ਉਸੀ ਵਕਤ ਪੂਰਨ ਗਿਆਨ ਅਤੇ ਪੂਰਨ ਪਰੇਮ ਵਿਚ ਮਨ ਗਦ ਗਦ ਕਰ ਉਠਿਆ। ਫਿਰ ਕਿਸੇ ਗਲ ਦੀ ਕਮੀ ਨਾ ਰਹੀ। ਉਪਦੇਸ਼ ਦੇਂਦੇ ਸਾਰ ਹੀ ਬ੍ਰਹਮ ਲਿਵ ਲੀਨਤਾ ਰੂਪ ਰੰਗ ਚੜ੍ਹ ਗਿਆ। ਕੁਛ ਗਲਾਂ ਦਾ ਖਾਸ ਉਪਦੇਸ਼ ਦਿਤਾ ਕਿ ਇਕਾਂਤ ਬਿਰਾਜਨਾ, ਕਿਸੇ ਅਗੇ ਹੱਥ ਨਹੀਂ ਅੱਡਣਾ, ਵਾਹਿਗੁਰੂ ਨੂੰ ਸਦਾ ਅੰਗ ਅੰਗ ਸੰਗ ਜਾਨਣਾ, ਮਹਾਂ ਪੁਰਸ਼ਾਂ ਦਾ ਸੰਗ ਕਰਨਾ ਕਿਸੇ ਦੇ ਦੋਖ ਨਹੀਂ ਦੇਖਣੇ।

ਸੰਤ ਜੀਨੇ ਸਵਾਲ ਕੀਤਾ ਕਿ ਬਾਹਰ ਜੰਗਲ ਵਿਚ ਬਰਾਜਨ ਵਿਚ ਕਈ ਵਿਘਨ ਹਨ ਇਕ ਪਠਾਣਾ ਦਾ ਮੁਲਕ ਹੈ ਜੋ ਸਿਖਾਂ ਦੇ ਖਾਸ ਵੈਰੀ ਹਨ, ਤਾਂ ਮਹਾਰਾਜ ਜੀ ਆਇਆ ਸਿੰਘ ਸਾਹਿਬ ਨੇ ਵਰ ਦਿੱਤਾ ਕਿ ਤੇਰੇ ਉਤੇ ਕੋਈ ਕਾਮਯਾਬ



http://www.santgarh.com © 2014

ਨਹੀਂ ਹੋਵੇਗਾ। ਫਿਰ ਜਵਾਲਾ ਸਿੰਘ ਜੀ ਨੇ ਕਿਹਾ ਕਿ ਹਕੂਮਤ ਨੌਕਰੀ ਦਾ ਸਮਾ ਹੈ। ਸੋ ਮਹਾਰਾਜ ਨੇ ਹੁਕਮ ਦਿਤਾ ਕਿ ਤੁਹਾਡੇ ਉਪਰ ਕਿਸੇ ਦਾ ਹੁਕਮ ਨਹੀਂ। ਇਕਾਂਤ ਬਰਾਜਨਾ ਕਿਸੇ ਅਗੇ ਹਥ ਨਹੀਂ ਅ਼ਡਣਾ। ਵਾਹਿਗੁਰੂ ਸਦਾ ਅੰਗ ਸੰਗ ਜਾਨਣਾ। ਮਹਾਂ ਪੁਰਸ਼ਾਂ ਦਾ ਸੰਗ ਕਰਨਾ। ਕਿਸੇ ਦੇ ਦੋਖ ਨਹੀਂ ਦੇਖਣੇ। ਸੋ ਸਾਰੀ ਜ਼ਿੰਦਗੀ ਭਰ ਇਹਨਾਂ ਬਚਨਾਂ ਪਰ ਅਮਲ ਕੀਤਾ। ਪਲਟਨ ਵਿਚ ਭੀ ਬਾਹਰ ਜੰਗਲ ਵਿਚ ਟਿਕਿਆ ਕਰਦੇ ਸਨ !

ਇਕ ਸਮੇਂ ਜਦੋਂ ਕਿ ਪਲਟਨ ਪਸ਼ਾਵਰ ਰਹਿੰਦੀ ਸੀ ਤਾਂ ਆਪ ਜੀ ਇਕਾਂਤ ਵਿਚ ਰਾਤ ਨੂੰ ਬੈਠੇ ਸਨ, ਜੋ ਪੰਜ ਤੀਰਥੀਂ ਪੰਜ ਪਾਂਡਵਾਂ ਦਾ ਅਸਥਾਨ ਮੰਨਿਆ ਹੈ, ਤਿਸ ਜਗਾ ਰਾਤ ਦੇ ਬਾਰਾਂ ਵਜੇ ਪੰਜ ਸੱਤ ਪਠਾਨ ਸੰਤਾਂ ਉਪਰ ਹਮਲਾ ਕਰਨ ਦੀ ਤਿਆਰੀ ਵਿਚ ਹੀ ਸਨ, ਪਰ ਹਜ਼ੂਰ ਦੀ ਸਮਾਧੀ ਖੁਲ ਗਈ। ਸਫਾ ਜੰਗ ਲੈ ਕੇ ਖੜੇ ਹੋ ਗਏ ਅਤੇ ਪਠਾਣਾਂ ਨੂੰ ਲਲਕਾਰਿਆ। ਪਠਾਣਾਂ ਨੇ ਪੁਛਿਆ ਤੂੰ ਕੌਣ ਹੈਂ ਤਾਂ ਹਜ਼ੂਰ ਬਾਬਾ ਜੀ ਨੇ ਕਿਹਾ ਕਿ ਮੈਂ ਹਰੀ ਸਿੰਘ ਨਲੂਏ ਦਾ ਭਰਾ ਹਾਂ। ਪਠਾਣਾਂ ਨੇ ਕਿਹਾ ਕਿ ਹਰੀ ਸਿੰਘ ਨਲੂਏ ਨੇ ਮਰਿਆਂ ਢੇਰ ਚਿਰ ਹੋ ਗਿਆ ਹੈ ਤਾਂ ਸੰਤ ਮਹਾਰਾਜ ਜੀ ਬੋਲੇ ਕਿ ਨਲੂਏ ਜੀ ਦੇ ਭਰਾ ਜੀਉਂਦੇ ਹਨ ਤਾਂ ਗੁਰੂ ਜੀ ਦੇ ਬਚਨ ਅਨੁਸਾਰ ਪਠਾਣ ਭੈ ਕਰ ਦੌੜ ਗਏ। ਮੁੜ ਕਦੇ ਐਸਾ ਸਮਾਂ ਨਹੀਂ ਬਣਿਆ।



http://www.santgarh.com © 2014

# ਪਲਟਨ ਦੇ ਅੰਗਰੇਜ਼ ਕਿਸ ਤਰ੍ਹਾਂ ਸ਼ਰਧਾਵਾਨ ਹੋਏ

ਜਦੋਂ ਕਿ ਸਾਰੀ ਸਿਖ ਪਲਟਨ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਸ਼ਰਧਾਲੂ ਬਣ ਗਈ, ਕਿਉਂਕਿ ਸ੍ਰੀ ਬਾਬਾ ਆਇਆ ਸਿੰਘ ਸਾਹਿਬ ਜੀ ਨੇ ਸੰਤ ਮਹਾਰਾਜ ਜੀ ਪਰ ਬਹੁਤ ਬਹੁਤ ਖੁਸ਼ੀਆਂ ਕੀਤੀਆਂ ਸਨ। ਏਥੇ ਤਕ ਕਹਿ ਦਿਤਾ ਕਿ ਜਵਾਲਾ ਸਿੰਘ ਜੀ ਸਾਡੇ ਬੜੇ ਬੀਬੇ ਪੁਤਰ ਹਨ। ਇਸ ਵਾਸਤੇ ਸਾਰੀ ਦੀ ਸਾਰੀ ਪਲਟਨ ਸੰਤ ਮਹਾਰਾਜ ਜੀ ਪਰ ਬਹੁਤ ਸ਼ਰਧਾ ਰਖਦੀ ਸੀ। ਇਹ ਪਲਟਨ ਦਾ ਹਾਲ ਦੇਖ ਕਰ ਪਲਟਨ ਦਾ ਕਰਨੈਲ ਅੰਗਰੇਜ਼ ਤੇ ਜੀਟਨ ਸਾਹਿਬ ਨੇ ਸੂਬੇਦਾਰ ਮੇਜਰ ਸਾਹਿਬ ਨੂੰ ਬੁਲਾ ਕੇ ਪੁਛਿਆ ਕਿ ਕੀ ਕਾਰਨ ਹੈ ਕਿ ਤੁਸੀਂ ਸਾਰੇ ਲੋਕ ਮੇਰੀ ਰਜਮੈਂਟ ਦੇ ਇਕ ਸਿਪਾਹੀ ਮਗਰ ਲਗੇ ਫਿਰਦੇ ਹੋ ਅਤੇ ਮੇਰੇ ਨਾਲੋਂ ਭੀ ਤਿਸ ਦਾ ਸਤਿਕਾਰ ਜ਼ਿਆਦਾ ਕਰਦੇ ਹੋ। ਸੂਬੇਦਾਰ ਮੇਜਰ ਨੇ ਉਤਰ ਦਿਤਾ ਕਿ ਕਰਨੈਲ ਸਾਹਿਬ ਅਸੀਂ ਭਾਈ ਜਵਾਲਾ ਸਿੰਘ ਜੀ ਨੂੰ ਆਦਮੀ ਨਹੀਂ, ਬਲਕਿ ਆਦਮੀ ਦੇ ਰੂਪ



http://www.santgarh.com © 2014

ਵਿਚ ਖੁਦਾ ਸਰੂਪ ਸਮਝਦੇ ਹਾਂ। ਕਰਨੈਲ ਸਾਹਿਬ ਨੇ ਕਿਹਾ ਕਿ ਮੇਰੀ ਭੀ ਤਸੱਲੀ ਕਰਵਾ ਦੇਵੋ ਤਾਂ ਫਿਰ ਸੂਬੇਦਾਰ ਮੇਜਰ ਨੇ ਉਤਰ ਦਿਤਾ ਕਿ ਮੈਂ ਭਾਈ ਸਾਹਿਬ ਨੂੰ ਪੁਛ ਕੇ ਦਸਾਂਗਾ। ਫਿਰ ਲਾਈਨ ਵਿਚ ਆ ਕੇ ਸੰਤ ਮਹਾਰਾਜ ਜੀ ਬਾਬਾ ਜਵਾਲਾ ਸਿੰਘ ਜੀ ਨੂੰ ਪੁਛਿਆ ਤੇ ਕਰਨੈਲ ਸਾਹਿਬ ਦੀ ਸਾਰੀ ਗੱਲ ਬਾਤ ਦਸੀ। ਸੰਤਾਂ ਨੇ ਕਿਹਾ ਕਿ ਸੂਬੇਦਾਰ ਮੇਜਰ ਸਾਹਿਬ ਆਪ ਜੀ ਕੀ ਚਾਹੁੰਦੇ ਹੋ ਤਾਂ ਸੂਬੇਦਾਰ ਮੇਜਰ ਸਾਹਿਬ ਨੇ ਕਿਹਾ-ਜੀ ਜੋ ਕਰਨੈਲ ਸਾਹਿਬ ਕਹੇ, ਤਿਸ ਦੀ ਮੰਗ ਪੂਰੀ ਕਰ ਦੇਵੋ ਤਾਂ ਕਿ ਤਿਸ ਦੀ ਆਪ ਪਰ ਨਹੀਂ ਬਲਕਿ ਗੁਰੂ ਘਰ ਪਰ ਸ਼ਰਧਾ ਹੋ ਆਵੇ। ਪਹਿਲਾਂ ਤਾਂ ਸੰਤ ਕਿਸੇ ਰਿਧੀ ਸਿਧੀ ਨੂੰ ਮੰਨਦੇ ਨਹੀਂ ਸਨ, ਪਰ ਫਿਰ ਆਪ ਸਤ ਸੰਗੀਆਂ ਦੇ ਅਤੇ ਸਾਰੀ ਸੰਗਤ ਦੇ ਕਹੇ ਮੰਨ ਗਏ। ਕਹਿ ਦਿਤਾ ਕਿ ਜੋ ਸਾਰੀ ਸੰਗਤ ਕਹਿੰਦੀ ਹੈ, ਸੋ ਵਾਹਿਗੁਰੂ ਪੂਰੀ ਕਰ ਦੇਵੇਗਾ। ਸੂਬੇਦਾਰ ਮੇਜਰ ਨੇ ਦੂਸਰੇ ਰੋਜ਼ ਹੀ ਕਰਨੈਲ ਸਾਹਿਬ ਅੰਗਰੇਜ਼ ਨੂੰ ਕਹਿ ਦਿਤਾ ਕਿ ਭਾਈ ਸਾਹਿਬ ਜੀ ਨੇ ਤੇਰੀ ਬੇਨਤੀ ਮੰਨ ਲਈ ਹੈ ਤਾਂ ਕਰਨੈਲ ਸਾਹਿਬ ਨੇ ਖੁਸ਼ ਹੋ ਕੇ ਦਫ਼ਤਰ ਚਰਨ ਪਾਉਣ ਦੀ ਮੰਗ ਕੀਤੀ। ਹਜ਼ੂਰ ਬਾਬਾ ਜੀ ਦਫਤਰ ਗਏ। ਜਦੋਂ ਕਰਨੈਲ ਸਾਹਿਬ ਨੇ ਦਰਸ਼ਨ ਕੀਤੇ ਤਾਂ ਅਦਬ ਵਿਚ ਉਠ ਕੇ ਖਲੋ ਗਿਆ ਤੇ ਟੋਪੀ ਲਾਹ ਕੇ ਸਲਾਮ ਭੀ ਕੀਤਾ। ਸਾਹਿਬ ਨੇ ਬਾਬਾ ਜੀ ਦੇ ਆਣ ਤੋਂ ਪਹਿਲਾਂ ਇਕ ਲਫਾਫੇ ਵਿਚ ਕੁਛ ਲਿਖ ਕੇ ਰਖਿਆ ਸੀ। ਬਾਬਾ ਜੀ ਦੇ ਦਫਤਰ



http://www.santgarh.com © 2014

ਆਉਣ ਵਿਚ ਅਪਣੀ ਮੰਗ ਪੂਰੀ ਕਰਨ ਹਿਤ ਬੇਨਤੀ ਕੀਤੀ ਤਾਂ ਹਜ਼ੂਰ ਨੇ ਹੱਸ ਕੇ ਜਿਵੇਂ ਕਿ ਆਪ ਜੀ ਦਾ ਸੁਭਾ ਸੀ, ਕਿਹਾ ਕਿ ਆਪ ਜੀ ਦੀ ਮੇਜ਼ ਦੇ ਦਰਾਜ ਅੰਦਰ ਤਿੰਨ ਕਿਤਾਬਾਂ ਦੇ ਨੀਚੇ ਇਕ ਲਫਾਫੇ ਵਿਚ ਲਿਖਕੇ ਅੰਗਰੇਜ਼ੀ ਦਾ ਲਫ਼ਜ ਰਖਿਆ ਹੈ, ਜੋ ਲਫਜ਼ ਹੈ Child ਭਾਵ ਬੱਚਾ। ਅੰਗਰੇਜ਼ ਹੈਰਾਨ ਹੋ ਕੇ ਕਹਿਣ ਲਗਾ ਕਿ ਇਸ ਦਾ ਭਾਵ ਮੈਨੂੰ ਦੱਸ ਦੇਵੋ। ਸੰਤ ਮਹਾਰਾਜ ਜੀ ਕਹਿਣ ਲਗੇ ਕਿ ਜਿਸ ਤਰ੍ਹਾਂ ਬਚੇ ਦਾ ਸੁਭਾ ਰਾਗ ਦਵੈਖ ਤੋਂ ਰਹਿਤ ਹੈ, ਇਸੀ ਤਰ੍ਹਾਂ ਇਨਸਾਨ ਨੂੰ ਹੋਣਾ ਚਾਹੀਏ। ਅੰਗਰੇਜ਼ ਨੇ ਕਿਹਾ ਕਿ ਹਜ਼ੂਰ ਕੁਛ ਖੋਲ੍ਹ ਕੇ ਸਮਝਾ ਦੇਵੋ ਤਾਂ ਸੰਤ ਮਹਾਰਾਜ ਜੀ ਨੇ ਕਿਹਾ ਕਿ Child ਦੇ ਪੰਜ ਅਖਰ ਹਨ c.h.i.l.d. । ਇਸ ਦਾ ਭਾਵ ਹੈ ਕਿ (C) Cherector ਭਾਵ ਚਾਲ ਚਲਨ ਉਚਾ ਹੋਣਾ ਚਾਹੀਏ। (H) Health ਸਰੀਰ ਨੂੰ ਅਰੋਗ ਰਖਣ ਦੀ ਕੋਸ਼ਸ਼ ਕਰਨੀ ਚਾਹੀਏ। (i) indivisual ਆਜ਼ਾਦ ਦਿਮਾਗ ਦਾ ਹੋਣਾ ਜ਼ਰੂਰੀ ਹੈ। (l) life ਜ਼ਿੰਦਗੀ ਉਚੀ ਹੋਣੀ ਜ਼ਰੂਰੀ ਹੈ। (d) diceplion ਗੁਰੂ ਦੇ ਹੁਕਮ ਵਿਚ ਅਤੇ ਮਰਯਾਦਾ ਵਿਚ ਆਉਣਾ ਲਾਜ਼ਮੀ ਹੈ।

ਇਹ ਸੁਣ ਕੇ ਅੰਗਰੇਜ਼ ਬਹੁਤ ਸ਼ਰਧਾਵਾਨ ਹੋ ਕੇ ਚਰਨੀ ਲਗਾ ਅਤੇ ਸਦਾ ਸੰਤ ਮਹਾਰਾਜ ਜੀ ਦੀ ਸੇਵਾ ਦਾ ਚਾਹਵਾਨ ਰਿਹਾ। ਇਕ ਸਿੰਘ ਵਿਚ ਅਤੇ ਇਕ ਗੁਰੂ ਗਰੰਥ ਸਾਹਿਬ ਦਾ ਸੇਵਾਦਾਰ ਅਲੈਹਦਾ ਦਿਤਾ।



http://www.santgarh.com © 2014

ਇਕ ਦਿਨ ਸਾਹਿਬ ਨੇ ਆਪ ਜੀ ਦੇ ਪਾਸ ਆ ਕੇ ਪੁਛ ਕੀਤੀ ਕਿ ਐਸੀ ਬਿਰਤੀ ਮੈਨੂੰ ਕਿਵੇਂ ਪਰਾਪਤ ਹੋਵੇ। ਸੰਤਾਂ ਨੇ ਬਚਨ ਦਿਤਾ ਕਿ 'ਹਿਮਤੇ ਮਰਦਾਂ ਮਦਦੇ ਖੁਦਾ' God helps those who help them seleves ਦੇ ਅਨੁਸਾਰ ਜ਼ਿੰਦਗੀ ਬਤੀਤ ਕਰੇ। ਬਾਣੀ ਫੁਰਮਾਉਂਦੀ ਹੈ :—

ਉਦਮ ਕਰੇਂਦਿਆਂ ਜੀਉ ਤੂੰ ਕਮਾਮਦਿਆਂ ਸੁਖ ਭੁੰਚ।

ਧਿਆਇਦਿਆਂ ਪ੍ਰਭੂ ਮਿਲਿ ਨਾਨਕ ਉਤਰੀ ਚਿੰਤ।

ਫਿਰ ਸੰਨ ੧੭ ਦੇ ਜੰਗ ਵਿਚ ਸੰਤ ਮਹਾਰਾਜ ਜਾਣ ਤੋਂ ਇਨਕਾਰੀ ਸਨ। ਸੋ ਆਪ ਕਰਨੈਲ ਸਾਹਿਬ ਤੇ ਜੀਟਨ ਸਾਹਿਬ ਹੋਤੀ ਮਰਦਾਨ ਸ੍ਰੀ ਮਹਾਰਾਜ ਆਇਆ ਸਿੰਘ ਜੀ ਪਾਸ ਪੁਜੇ ਤੇ ਅਰਜ਼ ਕੀਤੀ ਕਿ ਸ੍ਰੀ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਨੂੰ ਹੁਕਮ ਦੇਵੋ ਕਿ ਸਾਡੇ ਨਾਲ ਵਰਡ ਵਾਰ ਜੰਗ ਵਿਚ ਫਰਾਂਸ ਵਲ ਜਾਣ। ਜੇ ਭਾਈ ਸਾਹਿਬ ਨੂੰ ਸਾਡੇ ਨਾਲ ਨਾ ਭੇਜੋਗੇ ਤਾਂ ਅਸੀਂ ਭੀ ਨੌਕਰੀ ਛੱਡ ਕੇ ਆਪ ਪਾਸ ਹੀ ਰਹਾਂਗੇ। ਤਾਂ ਫਿਰ ਸ੍ਰੀ ਮਹਾਰਾਜ ਆਇਆ ਸਿੰਘ ਜੀ ਨੇ ਆਪਣੇ ਪਾਸ ਬੁਲਾ ਕੇ ਹੁਕਮ ਕੀਤਾ ਕਿ ਅਜੇ ਤੁਸੀਂ ਨਾਮ ਨਹੀਂ ਕਟਣਾ। ਪਹਿਲਾਂ ਪਲਟਨ ਨਾਲ ਜੰਗ ਵਿਚ ਜਾਵੋ, ਫਿਰ ਆ ਕੇ ਨਾਮ ਕਟਾਣ ਬਾਬਤ ਸੋਚਾਂਗੇ। ਓਧਰ ਜੰਗ ਵਿਚ ਹੋਰ ਮਹਾਂ ਪੁਰਸ਼ ਭੀ ਆਪ ਜੀ ਨੂੰ ਮਿਲਣਗੇ ਜੋ ਕਿ ਆਪ ਜੀ ਦੇ ਪਿਛਲੇ ਜਨਮ ਦੇ ਹਮਜੋਲੀ ਹੋਣਗੇ। ਸੋ ਹਜ਼ੂਰ ਫਿਰ ਆਪਣੇ ਗੁਰੂ ਦਾ ਬਚਨ ਮੰਨ



http://www.santgarh.com © 2014

ਕੇ ਜੰਗ ਨੂੰ ਗਏ ਜੰਗ ਵਿਚ ਬਾਬਾ ਮੋਹਰ ਸਿੰਘ ੯੩ ਨੰਬਰ ਇਨਫੈਂਟਰੀ ਬ੍ਰਹਮਾ ਵਿਚ ਸਨ, ਨੂੰ ਮਿਲੇ। ਬਾਬਾ ਮੇਹਰ ਸਿੰਘ ਜੀ ਜੋਗਾ ਅਭਿਆਸੀ ਸਨ। ਸੋ ਉਹਨਾਂ ਕੋਲੋਂ ਜੋਗਾ ਅਭਿਆਸ ਪੂਰਾ ਕੀਤਾ, ਜੋ ਕਿ ਪੰਜਾਬ ਆਉਣ ਪਰ ਗੁਰੂ ਬਾਬਾ ਆਇਆ ਸਿੰਘ ਜੀ ਦੇ ਹੁਕਮ ਨਾਲ ਛਡ ਦਿਤਾ। ਫਿਰ ਜ਼ਿੰਦਗੀ ਭਰ ਸਹਿਜ ਜੋਗ ਵਿਚ ਗੁਜ਼ਾਰੀ। ਫਰਾਂਸ ਵਿਚ ਸੰਤ ਮਘਰ ਸਿੰਘ ਜੀ ਰਾਮ ਗੜ ਜ਼ਿਲਾ ਲੁਧਿਆਣਾ ਦੇ ਦਰਸ਼ਨ ਭੀ ਹੋਏ। ਮਿਲ ਕੇ ਸਮਰਥ ਕੰਤ ਦੀਆਂ ਕਥਾ ਕਹਾਣੀਆਂ ਕੀਤੀਆਂ। ਸੰਨ ੧੭ ਈਸਵੀਂ ਵਿਚ ਪਸ਼ੌਰ ਪਲਟਨ ਆਈ। ਫਿਰ ਮਹਾਰਾਜ ਆਇਆ ਸਿੰਘ ਜੀ ਦੇ ਹੁਕਮ ਅਨੁਸਾਰ ੧੧ ਸਾਲ ਨੌਕਰੀ ਕਰਕੇ ਨਾਮ ਕਟਾ ਲਿਆ ਤੇ ਹੋਤੀ ਗੁਰੂ ਜੀ ਦੇ ਡੇਰੇ ਰਹਿਣ ਲਗੇ। ਜਦੋਂ ਇਕ ਸਾਲ ਡੇਰੇ ਹੋਤੀ ਰਹਿੰਦਿਆਂ ਨੂੰ ਹੋਇਆ ਤਾਂ ਸੰਤ ਬਿਸ਼ਨ ਸਿੰਘ ਜੀ ਜੋ ਸੰਤ ਬਾਬਾ ਹਰਨਾਮ ਸਿੰਘ ਜੀ ਜੈਣ ਵਾਲਿਆਂ ਦੇ ਸੇਵਕ ਸਨ ਅਤੇ ਸੰਤ ਬਾਬਾ ਜਵਾਲਾ ਸਿੰਘ ਜੀ ਦੇ ਮਿਤਰ ਸਨ ਹੋਤੀ ਡੇਰੇ ਆ ਗਏ। ਸੰਤ ਬਿਸ਼ਨ ਸਿੰਘ ਜੀ ਨੇ ਸੀ ਬਾਬਾ ਆਇਆ ਸਿੰਘ ਜੀ ਪਾਸ ਬਹੁਤ ਬੇਨਤੀਆਂ ਕਰਕੇ ਸੰਤ ਬਾਬਾ ਜਵਾਲਾ ਸਿੰਘ ਜੀ ਨੂੰ ਪੰਜਾਬ ਲੈ ਆਂਦਾਂ। ਅਗੋਂ ਸੰਤ ਬਾਬਾ ਜਵਾਲਾ ਸਿੰਘ ਜੀ ਦਾ ਜੀਵਨ ਬੜਾ ਅਲੌਕਿਕ ਹੈ। ਜੋ ਕਿ ਇਉਂ ਸਮਾਂ ਬਤੀਤ ਕੀਤਾ :—

ਕੁਛ ਸਮਾਂ ਆਪ ਨਗਰ ਲੰਗੇਰੀ ਚੋਏ ਦੇ ਕਿਨਾਰੇ ਕੁਟੀਆ ਪਾ ਕੇ ਰਹੇ, ਪਰ ਕੁਛ ਅਛੀ ਤਰ੍ਹਾਂ ਤਿਸ ਕੁਟੀਆ ਵਿਚ ਚਿਤ



http://www.santgarh.com © 2014

ਨਾ ਲਗਾ ਤਾਂ ਫਿਰ ਗੁਰੂ ਬਾਬਾ ਆਇਆ ਸਿੰਘ ਜੀ ਦਾ ਬਚਨ ਯਾਦ ਆਇਆ ਕਿ ਮਹਾਂ ਪੁਰਸ਼ਾਂ ਦਾ ਸਤਸੰਗ ਰਖਣਾ ਤਾਂ ਫਿਰ ਲੰਗੇਰੀ ਦੀ ਕੁਟੀਆ ਛਡ ਇਉਂ ਬਿਚਰੇ - ਕੁਛ ਦਿਨ ਸ੍ਰੀ ਬਾਬਾ ਹਰਨਾਮ੍ ਸਿੰਘ ਜੀ ਜੈਣ ਵਾਲਿਆਂ ਪਾਸ ਟਿਕਣਾ, ਫਿਰ ਜਦੋਂ ਚਿਤ ਨੇ ਚਾਹੁਣਾ ਤਾਂ ਜੈਣ ਤੋਂ ਤੁਰ ਪੈਣਾ ਪੈਦਲ ਲੁਧਿਆਣੇ, ਜੋ ਬਦੇਹ ਤੇ ਮਸਤ ਮਹਾਂ ਪੁਰਸ਼ ਸਨ, ਜਿਨਾਂ ਦੀ ਸੰਗਿਆ ਬਾਣ ਬਟਣਾ ਕਰਕੇ ਸੀ, ਤਿਨਾਂ ਪਾਸ ਆ ਜਾਣਾ। ਜਦੋਂ ਬਾਣ ਬਟਣੇ ਮਹਾਂ ਪੁਰਸ਼ਾਂ ਨੇ ਆਗਿਆ ਕਰਨੀ ਤਾਂ ਗੁਰਦਵਾਰਾ ਰੇਰੂ ਸਾਹਿਬ ਪਾਤਸ਼ਾਹੀ ਦਸਵੀਂ ਜੋ ਕਿ ਉਸ ਸਮੇਂ ਰਿਆਸਤ ਪਟਿਆਲਾ ਵਿਚ ਸੀ, ਹੁਣ ਜ਼ਿਲਾ ਲੁਧਿਆਣਾ ਵਿਖੇ ਹੈ। ਇਸ ਗੁਰਦਵਾਰੇ ਸ੍ਰੀ ਪੂਜਯ ਸੰਤ ਬਾਬਾ ਅਤਰ ਸਿੰਘ ਜੀ ਜੋ ਕਿ ਸ੍ਰੀ ਗੁਰੂ ਬਾਬਾ ਕਰਮ ਸਿੰਘ ਜੀ ਦੇ ਸੇਵਕ ਸਨ, ਤਿਨਾਂ ਪਾਸ ਆ ਜਾਂਦੇ। ਫਿਰ ਇਨ੍ਹਾਂ ਤੋਂ ਆਗਿਆ ਲੈ ਕੇ ਬਦੋਛੀ ਸ੍ਰੀ ਬਾਬਾ ਬੀਰਮ ਦਾਸ ਜੀ ਪਾਸ ਆ ਜਾਂਦੇ। ਜਦੋਂ ਸ੍ਰੀ ਬਾਬਾ ਬੀਰਮ ਦਾਸ ਜੀ ਨੇ ਆਗਿਆ ਕਰਨੀ ਤਾਂ ਪਿਛਲੇ ਪੈਰੀਂ ਭਾਵ ਉਸੀ ਤਰ੍ਹਾਂ ਰੇਰੂ ਸਾਹਿਬ ਲੁਧਿਆਣੇ ਹੁੰਦੇ ਹੋਏ ਜੈਣ ਆ ਜਾਣਾ। ਰਸਤੇ ਦਾ ਨਿਤਨੇਮ ਇਸ ਤਰ੍ਹਾਂ ਹੁੰਦਾ, ਜੋ ਕਿ ਦਾਸ ਨੀਚੇ ਲਿਖਦਾ ਹੈ — ਹਜ਼ੂਰ ਦੇ ਮੁਖਹੁੰ ਇਹ ਸੁਣਿਆ ਸੀ ਕਿ ਪੰਜਾਂ ਬਾਣੀਆਂ ਦੇ ਪੰਜ ਪਾਠ ਕਰਨੇ ਅਤੇ ੨੫ ਪਾਠ ਜਪੁਜੀ ਸਾਹਿਬ ਦੇ ਕਰਨੇ ਅਤੇ ੨੫ ਪਾਠ ਸੁਖਮਨੀ ਸਾਹਿਬ ਦੇ ਨਿਤ ਕਰਨੇ। ਫਿਰ ਇਕ ਦਿਨ ਜੈਣ ਸ੍ਰੀ ਪੂਜਯ ਬਾਬਾ ਹਰਨਾਮ ਸਿੰਘ



Jeevan Kiran - Sant Jawala Singh Ji, Harkhowal Wale
http://www.santgarh.com © 2014

ਜੀ ਤੋਂ ਚਲਕੇ ਪਿੰਡ ਮੰਡੇਰਾਂ ਜੋ ਕਿ ਸਟੇਸ਼ਨ ਸ਼ਾਮ ਚੁਰਾਸੀ ਦੇ ਨਿਕਟ ਹੈ, ਆ ਰਹੇ ਸਨ, ਜਿਥੇ ਕਿ ਸ੍ਰੀ ਪੂਜਯ ਬਾਬਾ ਕਾਨ ਦਾਸ ਜੀ ਰਹਿੰਦੇ ਸਨ, ਜਿਨ੍ਹਾਂ ਦੇ ਬਚਨਾਂ ਦਵਾਰਾ ਹਜ਼ੂਰ ਜੀ ਦਾ ਜਗਤ ਵਿਚ ਅਵਤਾਰ ਧਾਰ ਕੇ ਆਉਣਾ ਹੋਇਆ। ਜਦੋਂ ਕਿ ਇਸ ਜੰਗਲ ਵਿਚ ਆਏ, ਜਿਸ ਦਾ ਨਾਮ ਡੇਰਾ ਸੰਤ ਗੜ੍ਹ ਹੈ, ਡੇਰੇ ਦੇ ਨਿਕਟ ਜੰਗਲ ਵਿਚ ਚੋਏ ਦੇ ਕਿਨਾਰੇ ਇਕ ਪੁਰਾਣੀ ਮਟੀ ਹੈ, ਇਸ ਵਿਚ ਪਹਿਲੇ ਪਹਿਲ ਆਏ। ਜਦੋਂ ਕਿ ਰਾਤ ਬਿਰਾਜੇ। ਸੁਬ੍ਹਾ ਅੰਮ੍ਰਿਤ ਵੇਲੇ ਸਮਾਧੀ ਵਿਚ ਬੈਠੇ ਸਨ ਤਾਂ ਆਪ ਜੀ ਨੂੰ ਅਕਾਸ਼ਬਾਣੀ ਹੋਈ ਕਿ ਇਹ ਜੰਗਲ ਹੀ ਆਪ ਜੀ ਦੀ ਪੁਰਾਤਨ ਜਗ੍ਹਾ ਹੈ। ਇਸ ਜਗ੍ਹਾ ਰਹਿ ਕੇ ਜੀਵਾਂ ਦਾ ਉਧਾਰ ਕਰੋ। ਫਿਰ ਆਪ ਏਥੇ ਹੀ ਜੰਗਲ ਵਿਚ ਰਹਿਣ ਲਗੇ, ਜਦੋਂ ਕਿ ਅੱਠ ਦਸ ਦਿਨ ਰਹਿੰਦਿਆਂ ਨੂੰ ਹੋਏ ਤਾਂ ਅਚਾਨਕ ਇਕ ਦਿਨ ਬਿਰਦ ਬਾਬਾ ਨੰਦ ਸਿੰਘ ਜੀ ਜੋ ਕਿ ਰਾਮਗੜ੍ਹੀਆ ਘਰਾਣੇ ਵਿਚੋਂ ਸਨ ਅਤੇ ਬੀਬੀ ਦੀ ਪੰਡੋਰੀ ਦੇ ਵਸਨੀਕ ਸਨ। ਪੰਡੋਰੀ ਤੋਂ ਭਟਰਾਣੇ ਜਾ ਰਹੇ ਸਨ, ਤਿਨਾਂ ਦੀ ਦ੍ਰਿਸ਼ਟੀ ਸੰਤ ਮਹਾਰਾਜ ਵਲ ਪਈ। ਕੋਲ ਆ ਕੇ ਦਰਸ਼ਨ ਕੀਤੇ, ਸਨਿਮਰ ਨਮਸਕਾਰ ਕੀਤੀ ਪਰ ਹਜ਼ੂਰ ਸਮਾਧੀ ਵਿਚ ਸਨ। ਕੋਈ ਬਚਨ ਨਹੀਂ ਹੋਇਆ। ਵਾਹਿਗੁਰੂ ਨੇ ਪਰੇਰਨਾ ਕੀਤੀ ਕਿ ਨਾ ਮਾਲੂਮ ਮਹਾਂ ਪੁਰਸ਼ਾਂ ਨੂੰ ਏਥੇ ਕਿਤਨੀ ਦੇਰ ਹੋਈ ਬੈਠਿਆਂ ਨੂੰ, ਭੁਖੇ ਹੋਣੇ ਹਨ। ਮੈਂ ਜਾ ਕੇ ਘਰੋਂ ਪਰਸ਼ਾਦ ਪਾਣੀ ਲੈ ਆਵਾਂ। ਸੋ ਬਾਬਾ ਨੰਦ ਸਿੰਘ ਜੀ ਘਰ ਗਏ ਅਤੇ ਬਹੁਤ ਛੇਤੀ ਖਾਣਾ ਤਿਆਰ



Jeevan Kiran - Sant Jawala Singh Ji, Harkhowal Wale
http://www.santgarh.com © 2014

ਕਰਵਾ ਕੇ ਲੈ ਆਏ। ਇਤਨੇ ਨੂੰ ਹਜ਼ੂਰ ਸਮਾਧੀ ਤੇ ਉਥਾਨ ਸਨ। ਬਾਬੇ ਨੂੰ ਖਾਣੇ ਸਮੇਤ ਤਕ ਕੇ ਬੜੇ ਖੁਸ਼ ਹੋਏ। ਬੋਲੇ ਕਿ ਬਾਬਾ ਜੀ ਨੇ ਕਿਉਂ ਖੇਚਲ ਕਰਨੀ ਸੀ। ਬਾਬਾ ਜੀ ਨੇ ਬੜੀ ਨਿਮਰਤਾ ਨਾਲ ਕਿਹਾ, ਹਜ਼ੂਰ ਆਪ ਮਹਾਂਪੁਰਸ਼ਾਂ ਦੀ ਸੇਵਾ ਤਾਂ ਵਾਹਿਗੁਰੂ ਬਖਸ਼ਸ਼ ਕਰਦਾ ਹੈ। ਇਹ ਪਰਸ਼ਾਦ ਪਾਣੀ ਤਾਂ ਆਪ ਜੀ ਮਹਾਂ ਪੁਰਸ਼ਾਂ ਦੀ ਬਖਸ਼ਸ਼ ਹੈ। ਫਿਰ ਸੰਤ ਜੀ ਮਹਾਰਾਜ ਨੇ ਖਾਣੇ ਵਾਲਾ ਥਾਲ ਲਿਆ। ਆਪਣੇ ਵੰਡ ਛਕਣ ਦੇ ਸੁਭਾਵ ਨਾਲ ਤਿਸ ਖਾਣੇ ਨੂੰ ਵੰਡ ਕੇ ਛਕਿਆ, ਜੋ ਕਿ ਓਸ ਸਮੇਂ ਬਾਬਾ ਨੰਦ ਸਿੰਘ ਜੀ ਤੇ ਤਿਨਾਂ ਨਾਲ ਦਰਸ਼ਨ ਅਭਿਲਾਸ਼ੀ ਦੋ ਹੋਰ ਸਨ। ਇਕ ਅਧ ਕੋਈ ਕੂਕਰ ਸੀ, ਸਾਰਿਆਂ ਨੂੰ ਇਕੋ ਜੇਹਾ ਬਾਂਟਾ ਦੇ ਕੇ ਆਪਣਾ ਛਾਂਦਾ ਆਪ ਛਕਿਆ। ਉਸ ਤੋਂ ਉਪਰੰਤ ਸੰਗਤਾਂ ਵਿਚ ਸਰੋਤ ਹੋ ਗਈ ਕਿ ਜੰਗਲ ਵਿਚ ਇਕ ਸੰਤ ਰਹਿੰਦੇ ਹਨ। ਇਕ ਦਿਨ ਹਜ਼ੂਰ ਅੰਮ੍ਰਿਤ ਵੇਲੇ ਤੋਂ ਸਮਾਧੀ ਵਿਚ ਸਨ, ਇਕ ਚਾਦਰੇ ਦੀ ਬੁਕਲ ਮਾਰੀ ਹੋਈ ਸੀ। ਸਮਾਧੀ ਸਮੇਂ ਇਕ ਫਨੀਅਰ ਕਾਲਾ ਨਾਗ ਆਪ ਜੀ ਦੀ ਝੋਲੀ ਵਿਚ ਆ ਬੈਠਾ, ਜਦੋਂ ਦਿਨ ਚੜੇ ਸਮਾਧੀ ਖੁਲੀ ਤਾਂ ਦੇਖ ਕੇ ਆਪਣੇ ਚਾਦਰੇ ਨੂੰ ਇਕੱਠਾ ਕਰਕੇ ਦੂਰ ਜੰਗਲ ਵਿਚ ਸੱਪ ਛਡ ਆਏ। ਤਿੰਨ ਦਿਨ ਏਸੇ ਤਰ੍ਹਾਂ ਸੱਪ ਆਉਂਦਾ ਰਿਹਾ। ਆਪ ਜੀ ਚਾਦਰਾ ਇਕੱਠਾ ਕਰਕੇ ਬਾਹਰ ਛੱਡ ਆਉਂਦੇ ਰਹੇ। ਤੀਸਰੇ ਦਿਨ ਹਜ਼ੂਰ ਨੂੰ ਅਕਾਸ਼ ਬਾਣੀ ਹੋਈ ਕਿ ਇਹ ਸੱਪ ਆਪ ਜੀ ਦੀ ਪਲਟਨ ਦਾ ਗਰੰਥੀ ਜੀ ਹੈ, ਜਿਸ ਨੂੰ ਆਪ ਜੀ ਉਪਦੇਸ਼ ਦੇਂਦੇ ਸੌ ਕਿ



Jeevan Kiran - Sant Jawala Singh Ji, Harkhowal Wale
http://www.santgarh.com © 2014

ਮਾਇਆ ਦਾ ਮੋਹ ਨਹੀਂ ਕਰੀਦਾ। ਸੋ ਇਸ ਨੇ ਆਪ ਜੀ ਦੇ ਉਪਦੇਸ਼ ਨੂੰ ਨਾ ਮੰਨਿਆ। ਮਾਇਆ ਵਿਚ ਖਚਤ ਹੋਣ ਤੋਂ ਸੱਪ ਦੀ ਜੂਨ ਵਿਚ ਆਇਆ ਹੈ। ਜੋ ਬਾਣੀ ਦਾ ਫੁਰਮਾਣ ਹੈ—

ਅੰਤਿ ਕਾਲ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ। ਸਰਪ ਜੋਨਿ ਵਲਿ ਵਲਿ ਅਉਤਰਾ।

ਹੁਣ ਆਪ ਜੀ ਇਸ ਦੀ ਅਪਣੇ ਹੱਥੀਂ ਕਲਿਆਣ ਕਰੋ। ਸੋ ਸੰਤ ਬਾਬਾ ਜੀ ਨੇ ਤਿਸ ਸਰਪ ਦੀ ਕਲਿਆਨ ਕੀਤੀ। ਏਸ ਜੰਗਲ ਵਿਚ ਹੋਰ ਕਈ ਪਰੇਤਾਂ ਦੀ ਜੂਨ ਕਟੀ 'ਏਥੇ ਜੰਗਲ ਵਿਚ ਚੋਏ ਦੇ ਕਨਾਰੇ ਛੋਟੀ ਫੂਸ ਦੀ ਕੁਟੀਆ ਬਣਾ ਕੇ ਹਜ਼ੂਰ ਰਹਿੰਦੇ ਸਨ। ਹਜ਼ੂਰ ਦੇ ਦਰਸ਼ਨ ਨੂੰ ਅੰਮ੍ਰਿਤ ਵੇਲੇ ਭਾਈ ਕੇਹਰ ਸਿੰਘ ਜੀ ਆਪਣੇ ਸਬੰਧੀਆਂ ਸਮੇਤ ਆਇਆ ਕਰਦੇ ਜੋ ਕਿ ਪਿੰਡ ਮਨਾਈਆਂ ਦੇ ਹਨ। ਪਿੰਡ ਮਨਾਈਆਂ ਚੋਏ ਤੋਂ ਦੋ ਮੀਲ ਲਹਿੰਦੇ ਵਲ ਹੈ। ਸੁਬਾਹ ਤਿੰਨ ਵਜੇ ਆ ਕੇ ਸਾਰਾ ਸੁਖਮਨੀ ਸਾਹਿਬ ਸੁਣਾਇਆ ਕਰਦੇ ਸਨ। ਫਿਰ ਆਸਾ ਜੀ ਦੀ ਵਾਰ ਦੀ ਕੀਰਤਨ ਹੁੰਦਾ। ਇਕ ਦਿਨ ਕੇਹਰ ਸਿੰਘ ਜੀ ਤੇ ਇਸ ਦੇ ਛੋਟੇ ਭਾਈ ਮੇਹਰ ਸਿੰਘ ਜੀ ਆਏ। ਕੇਹਰ ਸਿੰਘ ਜੀ ਨਿਤ ਦੀ ਤਰਾਂ ਬਾਣੀ ਸੁਨਾਣ ਲਗ ਗਏ। ਮੇਹਰ ਸਿੰਘ ਕੁਟੀਆ ਦੇ ਦਰਵਾਜੇ ਕੋਲ ਬੈਠ ਗਿਆ। ਥੋੜ੍ਹੀ ਦੇਰ ਬਾਦ ਪਿਛੇ ਪੰਜ ਕਦਮ ਪਰ ਕੀ ਦੇਖਦਾ ਹੈ ਕਿ ਇਕ ਬੱਬਰ ਸ਼ੇਰ ਕੁਟੀਆ ਵਲ ਮੁਖ ਕਰਕੇ ਬੈਠਾ



Jeevan Kiran - Sant Jawala Singh Ji, Harkhowal Wale
http://www.santgarh.com © 2014

ਹੈ। ਸੋ ਮੇਹਰ ਸਿੰਘ ਭੈ ਭੀਤ ਹੋ ਕੇ ਬੈਠਾ ਤਾਂ ਰਿਹਾ, ਪਰ ਧਿਆਨ ਸ਼ੇਰ ਵਲ ਹੀ ਰਿਹਾ। ਫਿਰ ਪਹੁ ਫੁਟਾਲੇ ਤੋਂ ਪਹਿਲਾਂ ਹੀ ਅਪਣੇ ਆਪ ਸ਼ੇਰ ਚਲਾ ਗਿਆ। ਸੰਤ ਮਹਾਰਾਜ ਜੀ ਨੇ ਮੇਹਰ ਸਿੰਘ ਨੂੰ ਪੁਛਿਆ ਕਿ ਕੀ ਗੱਲ ਸੀ, ਜਿਸ ਕਰਕੇ ਤੂੰ ਡਰਦਾ ਸੈਂ ਤਾਂ ਮੇਹਰ ਸਿੰਘ ਨੇ ਸ਼ੇਰ ਬਾਬਤ ਦਸਿਆ ਤਾਂ ਹਜ਼ੂਰ ਨੇ ਹੁਕਮ ਦਿਤਾ ਕਿ ਅਗੇ ਵਾਸਤੇ ਡਰਨਾ ਨਹੀਂ। ਇਹ ਤਾਂ ਮਹਾਂ ਪੁਰਸ਼ਾਂ ਕੋਲ ਅਪਣੇ ਭਲੇ ਲਈ ਆਉਂਦੇ ਹਨ। ਸ਼ਾਮ ਦੇ ਟਾਈਮ ਇਸੀ ਜਗਾ ਜੋਗ ਵਸ਼ਿਸ਼ਟ ਦੀ ਕਥਾ ਹੋਇਆ ਕਰਦੀ ਸੀ, ਜਿਸ ਨੂੰ ਕੁਛ ਸਮਾਂ ਬਾਵਾ ਦੀਦਾਰ ਸਿੰਘ ਜੀ ਕਰਦੇ ਰਹੇ। ਫਿਰ ਦਾਸ ਗਿ: ਜੋਧ ਸਿੰਘ ਕਰਦਾ ਹੁੰਦਾ ਸੀ। ਮੋਨੀ ਕੇਹਰ ਸਿੰਘ ਜੀ ਪੜ੍ਹਿਆ ਕਰਦੇ ਸਨ। ਕਥਾ ਕਰਕੇ ਜਦੋਂ ਦਾਸ ਚੋਏ ਵਲ ਟਹਿਲਣ ਗਏ ਤਾਂ ਕਥਾ ਅਸਥਾਨ ਤੋਂ ਕੋਈ ਦਸ ਪੰਦਰਾਂ ਕਦਮਾਂ ਪਰ ਇਕ ਜਗਾ ਇਕ ਇਕ ਕਦਮ ਦੀ ਵਿਥ ਪਰ ਕਾਲਾ ਨਾਗ, ਸਿਹਾ ਅਤੇ ਕੁਤਾ ਆਪਸ ਵਿਚ ਮਿਲ ਬੈਠੇ ਤਕੇ ਗਏ। ਮਹਾਂ ਪੁਰਸ਼ਾਂ ਦੀ ਬੰਦਗੀ ਸ਼ਾਂਤ ਰਸ ਦਾ ਨਜ਼ਾਰਾ ਦੇਖਣ ਵਿਚ ਆਇਆ। ਉਸ ਸਮੇਂ ਫਿਰ ਹਜ਼ੂਰ ਸ਼ਾਮ ਦੀ ਕਥਾ ਡੇਰੇ ਕਰਨ ਲਗ ਗਏ। ਉਸੀ ਸਮੇਂ ਸ੍ਰੀ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਡੇਰੇ ਆਏ। ਸ਼ਾਮ ਦੀ ਕਥਾ ਹੋ ਰਹੀ ਸੀ। ਸ੍ਰੀ ਬਾਬਾ ਨੰਦ ਸਿੰਘ ਜੀ ਨਾਲ ਸੰਤ ਈਸ਼ਰ ਸਿੰਘ ਜੀ ਛੋਟੀ ਉਮਰਾ ਵਿਚ ਤਕਰੀਬਨ ੧੮ ਸਾਲ ਦੇ ਸਨ, ਨਾਲ ਸਨ ਅਤੇ ਦੋ ਤਿੰਨ ਹੋਰ ਸਜਨ ਤੇ



Jeevan Kiran - Sant Jawala Singh Ji, Harkhowal Wale
http://www.santgarh.com © 2014

ਇਕ ਦਿਲੀ ਤੋਂ ਸਰਦਾਰ ਜੀ ਨਾਲ ਸਨ, ਜਿਨ੍ਹਾਂ ਦਾ ਨਾਮ ਦਾਸ ਨੂੰ ਵਿਸਰ ਗਿਆ ਹੈ। ਡੇਰੇ ਸੰਤ ਮਹਾਰਾਜ ਜੀ ਪਾਸ ਓਦੋਂ ਬਾਬਾ ਬਿਸ਼ਨ ਸਿੰਘ ਜੀ ਨੰਗਲ ਵਾਲੇ ਜੋ ਸੰਤਾਂ ਦੇ ਬੜੇ ਮਿੱਤਰ ਸਨ, ਆਏ ਹੋਏ ਸਨ ਅਤੇ ਬਾਬਾ ਤਰਲੋਕ ਸਿੰਘ ਜੀ ਖਵਾਜਾ ਖੜਕ ਵਾਲੇ, ਜੋ ਮਹਾਰਾਜ ਜੀ ਦੇ ਗੁਰ ਭਾਈ ਸਨ। ਡੇਰੇ ਆਏ ਹੋਏ ਸਨ, ਜੋ ਕਿ ਸੌ ਸਾਖੀ ਦੇ ਬੜੇ ਜਾਣੂ ਸਨ ਅਤੇ ਸੰਤ ਮਹਾਰਾਜ ਜੀ ਨੂੰ ਹਮੇਸ਼ਾਂ ਸੌ ਸਾਖੀ ਦੀ ਕਥਾ ਸੁਣਾਇਆ ਕਰਦੇ ਸਨ। ਉਂਜ ਹਮੇਸ਼ਾਂ ਡੇਰੇ ਜੋਗ ਵਸ਼ਿਸ਼ਟ ਨਿਰਮਾਣ ਪਰਕਰਣ ਦੀ ਕਥਾ ਹੋਇਆ ਕਰਦੀ ਪਰ ਦੂਸਰੇ ਰੋਜ਼ ਉਚੇਚੇ ਤੌਰ ਤੇ ਸੌ ਸਾਖੀ ਦੀ ਕਥਾ ਹੋਈ। ਸ੍ਰੀ ਬਾਬਾ ਨੰਦ ਸਿੰਘ ਜੀ ਨੇ ਖਾਸ ਧਿਆ ਕਢਾ ਕੇ ਉਨ੍ਹਾਂ ਧਿਆਵਾਂ ਦੀ ਕਥਾ ਕਰਵਾਈ ਜਿਨ੍ਹਾਂ ਧਿਆਵਾਂ ਵਿਚ ਸਿੰਘਾਂ ਦਾ ਜ਼ਿਕਰ ਆਉਂਦਾ ਹੈ। ਅਤਰ ਸਿੰਘ ਰਾਮ ਸਿੰਘ, ਨੰਦ ਸਿੰਘ, ਉਦੇ ਸਿੰਘ ਵਗੈਰਾ ਵਗੈਰਾ ਦਾ। ਓਥੇ ਜਦੋਂ ਨੰਦ ਸਿੰਘ ਜੀ ਦਾ ਨਾਮ ਆਇਆ ਤਾਂ ਸ੍ਰੀ ਬਾਬਾ ਨੰਦ ਸਿੰਘ ਜੀ ਨੇ ਆਪਣੇ ਸੰਗੀ ਸਰਦਾਰਾਂ ਵਲ ਇਸ਼ਾਰਾ ਕਰਕੇ ਕਿਹਾ ਕਿ ਇਹ ਸਰੀਰ ਹੈ। ਦਿਨ ਵਿਚ ਕਈ ਮਹਾਂ ਪੁਰਸ਼ਾਂ ਦੇ ਸਵੈ ਵਿਰਤੀ ਦੇ ਆਪਸ ਦੀ ਗਿਆਨ ਗੋਸ਼ਟ ਭੀ ਹੁੰਦੇ ਰਹੇ। ਸ੍ਰੀ ਬਾਬਾ ਨੰਦ ਸਿੰਘ ਜੀ ਨੇ 'ਸਾਈਂ ਨਾਮ ਅਮੋਲ' ਸ਼ਬਦ ਦੀ ਵਿਆਖਿਆ ਭੀ ਕੀਤੀ। ਦਾਸ ਗਿਆਨੀ ਜੋਧ ਸਿੰਘ ਜੀ ਨੇ ਅਸੂ ਦੇ ਮਹੀਨੇ ਦੀ ਵਿਆਖਿਆ ਕੀਤੀ ਜੋ ਮਹਾਂ ਪੁਰਸ਼ਾਂ ਦੀਆਂ



Jeevan Kiran - Sant Jawala Singh Ji, Harkhowal Wale
http://www.santgarh.com © 2014

ਖੁਸ਼ੀਆਂ ਪਰਾਪਤ ਹੋਈਆਂ। ਸ੍ਰੀ ਬਾਬਾ ਨੰਦ ਸਿੰਘ ਜੀ ਨੇ ਸੰਤ ਮਹਾਰਾਜ ਜੀ ਨੂੰ ਕਹਿ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਥਾ ਪ੍ਰਾਰੰਭ ਕਰਾਈ; ਜੋ ਅਜੇ ਤਕ ਜਾਰੀ ਹੈ। ਫਿਰ ਸ੍ਰੀ ਬਾਬਾ ਨੰਦ ਸਿੰਘ ਜੀ ਨੇ ਸੰਤ ਮਹਾਰਾਜ ਜੀ ਦੀ ਸਲਾਹ ਨਾਲ ਹੁਸ਼ਿਆਰਪੁਰ ਤੋਂ ਤਿੰਨ ਮੀਲ ਊਨਾ ਸਾਹਿਬ ਵਾਲੀ ਰੋਡ ਦੇ ਨਜ਼ਦੀਕ ਕੁਛ ਦਿਨ ਬਿਸਰਾਮ ਕੀਤਾ। ਸੰਤ ਮਹਾਰਾਜ ਜੀ ਨੇ ਸ੍ਰੀ ਮਾਨ ਜਗਾ ਸਿੰਘ ਜੀ ਦੀ ਸੇਵਾ ਲਾਈ ਕਿ ਜਦ ਤਕ ਬਾਬਾ ਜੀ ਏਥੇ ਹਨ, ਜਿਸ ਚੀਜ਼ ਦੀ ਜ਼ਰੂਰਤ ਹੋਵੇ ਬਾਬਾ ਜੀ ਨੂੰ ਪਹੁੰਚਾਣੀ। ਸੋ ਸ੍ਰੀ ਮਾਨ ਜਗਾ ਸਿੰਘ ਜੀ ਡੇਰੇ ਤੋਂ ਲੈ ਕੇ ਇਸ ਅਸਥਾਨ ਤਕ ਸੇਵਾ ਕਰਦੇ ਰਹੇ। ਫਿਰ ਸ੍ਰੀ ਬਾਬਾ ਨੰਦ ਸਿੰਘ ਜੀ ਅਪਣੇ ਡੇਰੇ ਕਲੇਰਾਂ ਨੂੰ ਚਲੇ ਗਏ। ਸ੍ਰੀ ਮਹਾਰਾਜ ਜੀ ਨੇ ਸੰਨ ੧੯੩੭ ਈਸਵੀ ਤੋਂ ਮੂਲ ਮੰਤਰ ਦਾ ਪਾਠ ਇਕ ਚੁਬਾਰੇ ਵਿਚ ਪ੍ਰਾਰੰਭ ਕਰਾ ਦਿਤਾ ਸੀ, ਜੋ ਕਿ ਗਊ ਦੇ ਘੀ ਦੀ ਜੋਤ ਅਤੇ ਧੂਪ ਸਮੇਤ ਜਾਰੀ ਹੈ। ਅਜੇ ਤਕ ਭੀ ਸਿੰਘ ਗੁਰੂ ਕਿਰਪਾ ਨਾਲ ਨਿਭਾਈ ਜਾਂਦੇ ਹਨ। ਤਿਸ ਮੂਲ ਮੰਤਰ ਦੀ ਸੇਵਾ ਵਿਚ ਸੁਧੇ ਕੇਸੀਂ ਇਸ਼ਨਾਨ ਕਰਕੇ ਨਵੇਂ ਕਪੜੇ ਬਦਲ ਕੇ ਆਪਣੀ ਆਪਣੀ ਵਾਰੀ ਸਮੇਂ ਜਾਂਦੇ ਹਨ। ਇਸੀ ਤਰ੍ਹਾਂ ਫਿਰ ਸੰਤ ਮਹਾਰਾਜ ਜੀ ਦਾ ਜੀਵਨ ਜੀਵਾਂ ਦੇ ਉਧਾਰ ਕਰਨ ਲਈ ਜਾਰੀ ਰਿਹਾ। ਫਿਰ ਸ੍ਰੀ ਹਜ਼ੂਰ ਜੀ ਨੇ ਗੁਰਦਵਾਰਿਆਂ ਦੀ ਸੇਵਾ ਦਾ ਬੀੜਾ ਚੁਕਿਆ ਜੋ ਕਿ ਸ਼ਹੀਦਾ ਬਾਗ ਸ੍ਰੀ ਬਾਬਾ ਹਰਨਾਮ ਸਿੰਘ ਜੀ ਦੇ ਬੁੰਗੇ ਅਖੰਡ ਪਾਠ ਹੋਇਆ। ਸਾਰੇ ਸਾਧੂ ਇਸ ਵਿਚ ਸ਼ਾਮਲ ਹੋਏ। ਅਨੰਦ ਗੜ੍ਹ



Jeevan Kiran - Sant Jawala Singh Ji, Harkhowal Wale
http://www.santgarh.com © 2014

ਕਿਲ੍ਹੇ ਦੀ ਸੇਵਾ ਸ੍ਰੀ ਬਾਬਾ ਬ੍ਰਹਮ ਗਿਆਨੀ ਘਨੀਆ ਸਿੰਘ ਜੀ ਪਠਲਾਵੇ ਵਾਲਿਆਂ ਨੇ ਸਾਂਭੀ। ਜੋ ਸੰਤ ਮਹਾਰਾਜ ਜੀ ਨੇ ਆਪ ਵਿਚ ਸ਼ਾਮਲ ਹੋ ਕੇ ਪ੍ਰਾਰੰਭ ਕਰਾਈ। ਸ੍ਰੀ ਬਾਬਾ ਘਨੀਆ ਸਿੰਘ ਜੀ ਨੇ ਅਨੰਦ ਗੜ੍ਹ ਸਾਹਿਬ ਦੀ ਡਿਉੜੀ ਅਤੇ ਕੁਛ ਬੁੰਗੇ ਪੂਰਨ ਕੀਤੇ। ਬਾਬਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਅਨੰਦ ਗੜ੍ਹ ਗੁਰਦਵਾਰਾ ਕਿਲਾ ਸਾਹਿਬ ਜੀ ਸੇਵਾ ਸੰਤ ਸੇਵਾ ਸਿੰਘ ਜੀ ਜੋ ਕਿ ਸੰਤ ਬਾਬਾ ਘਨੀਆ ਸਿੰਘ ਜੀ ਦੇ ਸਾਧਿਕ ਹਨ, ਨੂੰ ਸੰਭਾਲੀ ਗਈ ਸੀ। ਸੰਤ ਸੇਵਾ ਸਿੰਘ ਜੀ ਨੇ ਸੁਹਣੇ ਢੰਗ ਨਾਲ ਸ੍ਰੀ ਗੁਰਦਵਾਰਾ ਅਨੰਦ ਗੜ੍ਹ ਸਾਹਿਬ ਪੂਰਨ ਕੀਤੇ। ਫਿਰ ਸੰਤ ਮਹਾਰਾਜ ਜੀ ਨੇ ਸ੍ਰੀ ਬਾਬਾ ਚੰਦਾ ਸਿੰਘ ਜੀ ਕਟੂ ਵਾਲਿਆਂ ਦੀ ਆਗਿਆ ਨਾਲ ਸ੍ਰੀ ਜੰਡ ਸਰ ਗੁਰਦਵਾਰਾ ਦਮਦਮਾ ਸਾਹਿਬ ਜੀ ਸਾਬੋ ਦੀ ਤਲਵੰਡੀ ਦੀ ਸੇਵਾ, ਸਰੋਵਰ ਜੰਡਸਰ ਸਾਹਿਬ ਦੀ ਸੇਵਾ ਸ੍ਰੀ ਬਾਬਾ ਤਰਲੋਕ ਸਿੰਘ ਸਾਹਿਬ ਜੀ ਖਵਾਜਾ ਖੜਕ ਦੀ ਮਦਦ ਨਾਲ ਕਰਵਾਈ ਅਤੇ ਗੁਰਦਵਾਰਾ ਜੰਡ ਸਰ ਵਿਖੇ ਖੂਹ ਤਿਆਰ ਕਰਵਾਇਆ, ਜਿਸ ਦਾ ਪਾਣੀ ੮੦ ਹੱਥ ਪਰ ਨਿਕਲਿਆ ਸੀ। ਫਿਰ ਸ੍ਰੀ ਮਾਤਾ ਜੀ ਦਾ ਗੁਰਦਵਾਰਾ ਦਮਦਮਾ ਸਾਹਿਬ ਵਿਖੇ ਬਾਬਾ ਤਿਰਲੋਕ ਸਿੰਘ ਜੀ ਨਾਲ ਮਿਲ ਕੇ ਤਿਆਰ ਕਰਵਾਇਆ। ਫਿਰ ੧੯੪੯ ਈਸਵੀ ਨੂੰ ਸੰਤ ਮਹਾਰਾਜ ਜੀ ਨੇ ਪਟਿਆਲੇ ਵਿਖੇ ਸ: ਗਿਆਨ ਸਿੰਘ ਰਾੜੇਵਾਲਾ ਵਾਲੇ, ਸ: ਸੰਪੂਰਨ ਸਿੰਘ ਛੰਦੜ ਤੇ ਸ: ਸੰਤੋਖ ਸਿੰਘ ਜੀ ਰਈਸ ਦੇ ਨਾਲ ਮਿਲ ਕੇ ਸਾਰੇ ਪੰਥ ਦਾ ਸਮਾਗਮ



Jeevan Kiran - Sant Jawala Singh Ji, Harkhowal Wale
http://www.santgarh.com © 2014

ਕੀਤਾ, ਜਿਸ ਵਿਚ ਸਾਰੇ ਪੰਥ ਦੇ ਉਘੇ ਮਹਾਂ ਪੁਰਸ਼, ਸਾਰੇ ਅਕਾਲੀ ਲੀਡਰ ਅਤੇ ਨਿਹੰਗ ਸਿੰਘ ਸਾਹਿਬ ਹਾਜ਼ਰ ਹੋਏ ਅਤੇ ਸ੍ਰੀ ਮਹਾਰਾਜਾ ਪਟਿਆਲਾ ਭੀ ਇਸ ਵਿਚ ਬਹੁਤ ਪਰੇਮ ਨਾਲ ਸ਼ਾਮਲ ਹੋਏ। ਸਾਰੇ ਪੰਥ ਨੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਾਸਤੇ ਗੁਰਮਤੇ ਕੀਤੇ, ਜਿਸ ਵਿਚ ਇਕ ਸ੍ਰੀ ਗੁਰੂ ਗਰੰਥ ਸਾਹਿਬ ਬਾਬਤ ਵਿਚਾਰ ਹੋਈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਆਮ ਪੋਥੀਆਂ ਵਾਂਗੂੰ ਬਾਜ਼ਾਰ ਵਿਚ ਵਿਕਣੇ ਨਹੀਂ ਚਾਹੀਦੇ। ਸ੍ਰੀ ਗੁਰੂ ਗਰੰਥ ਸਾਹਿਬ ਦੀ ਛਪਾਈ ਖਾਲਸੇ ਦੇ ਹੱਥ ਹੋਣੀ ਚਾਹੀਦੀ ਹੈ। ਉਸ ਸਮੇਂ ਸ਼ਰੋਮਣੀ ਕਮੇਟੀ ਦੇ ਕਰਤਾ ਧਰਤਾ ਸਰਦਾਰ ਨਾਗੋ ਕੇ ਊਧਮ ਸਿੰਘ ਜੀ ਸਨ। ਸ: ਊਦਮ ਸਿੰਘ ਜੀ ਨੇ ਸੰਤ ਮਹਾਰਾਜ ਜੀ ਨੂੰ ਕਹਿ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਛਪਾਈ ਸ਼ਰੋਮਣੀ ਕਮੇਟੀ ਦੇ ਅਧਿਕਾਰ ਵਿਚ ਲੈ ਲਈ। ਜੋ ਸ਼ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਛਾਪੀ, ਤਿਸ ਦੇ ਮੰਗਲ ਅਦਲ ਬਦਲ ਕਰ ਦਿਤੇ। ਸਾਰੇ ਦੇ ਸਾਰੇ ਮੰਗਲ ਬਾਨੀ ਦੇ ਅਦ ਵਿਚ ਹੀ ਛਾਪ ਦਿਤੇ। ਸੰਤ ਮਹਾਰਾਜ ਜੀ ਨੂੰ ਪਤਾ ਲਗਾ ਤਾਂ ਫਿਰ ਹਜ਼ੂਰ ਨੇ ਸਾਰੇ ਸੰਤ ਮਹਾਂ ਪੁਰਸ਼ ਅਤੇ ਚੀਫ ਖਾਲਸਾ ਦੀਵਾਨ ਨੂੰ ਨਾਲ ਲੈ ਕੇ ਸ਼ਰੋਮਣੀ ਕਮੇਟੀ ਦੇ ਆਗੂਆਂ ਨਾਲ ਬਹੁਤ ਜ਼ਿਆਦਾ ਵੀਚਾਰਾਂ ਕੀਤੀਆਂ। ਬਹੁਤ ਮੀਟਿੰਗਾਂ ਹੋਈਆਂ। ਕਮੇਟੀ ਨੂੰ ਮੰਨਣਾ ਪਿਆ ਕਿ ਅਸੀਂ ਗਲਤੀ ਪਰ ਹਾਂ। ਪਰ ਫਿਰ ਸ਼ਰੋਮਣੀ ਕਮੇਟੀ ਦੇ ਕਰਤਾ ਧਰਤਾ ਆਪਣੇ ਕਹੇ ਤੋਂ ਮੁਕਰ ਜਾਂਦੇ ਰਹੇ। ਇਸ ਵਿਚ ਇਕ ਗੱਲ ਬੜੀ ਜੋਗਤਾ ਵਾਲੀ ਹੈ। ਸੋ



Jeevan Kiran - Sant Jawala Singh Ji, Harkhowal Wale
http://www.santgarh.com © 2014

ਇਹ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੇ ਪਰਧਾਨ ਸ: ਊਧਮ ਸਿੰਘ ਜੀ ਨਾਗੋਕੇ ਦੇ ਧੜੇ ਦੇ ਸਰਦਾਰ ਈਸ਼ਰ ਸਿੰਘ ਜੀ ਮਝੈਲ ਸਨ। ਇਹ ਕਿਸੇ ਭੀ ਬਚਨ ਪਰ ਨਾ ਆਏ ਤਾਂ ਫਿਰ ਸੰਤ ਮਹਾਰਾਜ ਜੀ ਸਰਦਾਰ ਜੋਗਿੰਦਰ ਸਿੰਘ ਮੁਕੇਰੀਆਂ ਅਤੇ ਜਗਤ ਸਿੰਘ ਤਸੀਲਦਾਰ ਤੇ ਹੋਰ ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਮਾਸਟਰ ਤਾਰਾ ਸਿੰਘ ਜੀ ਨੂੰ ਮਿਲੇ ਤਾਂ ਮਾਸਟਰ ਜੀ ਬੜੀ ਨਿੰਮਰਤਾ ਨਾਲ ਤੇ ਪਿਆਰ ਨਾਲ ਮਿਲੇ। ਸੰਤ ਮਹਾਰਾਜ ਜੀ ਨੇ ਗੁਰੂ ਮਹਾਰਾਜ ਜੀ ਦੀਆਂ ਬੀੜਾਂ ਦੇ ਮਸਲੇ ਬਾਬਤ ਮਾਸਟਰ ਜੀ ਨਾਲ ਗਲ ਬਾਤ ਕੀਤੀ ਤਾਂ ਮਾਸਟਰ ਜੀ ਨੇ ਉਤਰ ਦਿਤਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਪਰਧਾਨ ਨਹੀਂ ਹਾਂ। ਜਦੋਂ ਮੈਂ ਪਰਧਾਨ ਬਣਾਂਗਾ ਤਾਂ ਆਪ ਜੀ ਦੇ ਕਹੇ ਅਨੁਸਾਰ ਪਹਿਲੇ ਦੀ ਤਰ੍ਹਾਂ ਬੀੜ ਛਾਪ ਦਿਤੀ ਜਾਏਗੀ। ਦੂਸਰੇ ਨਾਲ ਹੀ ਸ਼੍ਰੋਮਣੀ ਕਮੇਟੀ ਦੀ ਅਲੈਕਸ਼ਨ ਹੋਈ ਤਾਂ ਖਾਸ ਕਰ ਸੰਤ ਮਹਾਰਾਜ ਜੀ, ਜਿੰਨੇ ਦਿਨ ਅਲੈਕਸ਼ਨ ਹੁੰਦੀ ਰਹੀ, ਸ੍ਰੀ ਅੰਮ੍ਰਿਤਸਰ ਜੀ ਬੈਠੇ ਰਹੇ। ਨਤੀਜਾ ਇਹ ਹੋਇਆ ਕਿ ਮਾਸਟਰ ਧੜਾ ਪੂਰੀ ਕਾਮਯਾਬੀ ਨਾਲ ਸ਼੍ਰੋਮਣੀ ਕਮੇਟੀ ਵਿਚ ਕਾਮਯਾਬ ਹੋ ਗਿਆ ਤੇ ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪਰਧਾਨ ਚੁਣੇ ਗਏ ਅਤੇ ਸ੍ਰੀ ਸੰਤ ਮਹਾਰਾਜ ਜੀ ਸਰਦਾਰ ਜੋਗਿੰਦਰ ਸਿੰਘ ਜੀ ਤੇ ਜਗਤ ਸਿੰਘ ਜੀ ਤਹਿਸੀਲਦਾਰ ਤੇ ਹੋਰ ਚਾਰ ਸਿੰਘਾਂ ਨੂੰ ਨਾਲ ਲੈ ਕੇ ਮਾਸਟਰ ਤਾਰਾ ਸਿੰਘ ਜੀ ਪਾਸ ਤਿਨਾ ਦੀ ਕੋਠੀ ਜੋ ਸ਼ਹੀਦ ਮਿਸ਼ਨਰੀ ਕਾਲਜ ਦੇ ਨੇੜੇ ਹੈ, ਗਏ। ਸੰਤ ਮਹਾਰਾਜ ਜੀ ਨੇ



Jeevan Kiran - Sant Jawala Singh Ji, Harkhowal Wale
http://www.santgarh.com © 2014

ਆਪਣੇ ਸੁਭਾ ਦੇ ਮੁਤਾਬਿਕ ਮਾਸਟਰ ਤਾਰਾ ਸਿੰਘ ਜੀ ਦੇ ਚਰਨੀਂ ਹੱਥ ਲਾਇਆ, ਪਰ ਮਾਸਟਰ ਤਾਰਾ ਸਿੰਘ ਜੀ ਉਸੀ ਤਰ੍ਹਾਂ ਆਪਣੇ ਪਲੰਘ ਪਰ ਬੈਠੇ ਰਹੇ। ਪੰਜਾਂ ਸਿੰਘਾਂ ਸਮੇਤ ਸੰਤ ਦਾ ਸਤਿਰਾ ਗੁਰੂ ਘਰ ਦੀ ਮਰਯਾਦਾ ਅਨੁਸਾਰ ਪੰਜਾਂ ਸਿੰਘਾਂ ਨੂੰ ਆਪਣੇ ਪਲੰਗੇ ਤੋਂ ਉਠ ਕੇ ਫਤੇ ਬੁਲਾ ਕੇ ਭੀ ਨਾ ਕੀਤਾ। ਸੰਤ ਮਹਾਰਾਜ ਪੰਜਾਂ ਸਿੰਘਾਂ ਸਮੇਤ ਨੀਚੇ ਫਰਸ਼ ਪਰ ਬੈਠ ਗਏ ਤਾਂ ਫਿਰ ਗੁਰੂ ਮਹਾਰਾਜ ਜੀ ਦੇ ਮੰਗਲਾਂ ਬਾਬਤ ਮਾਸਟਰ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਆਪਣੇ ਅਕਰਾਰ ਤੇ ਮੁਤਾਬਿਕ ਮੰਗਲ ਠੀਕ ਅਗੇ ਵਾਂਗੂੰ ਕਰ ਦੇਵੋ ਤਾਂ ਮਾਸਟਰ ਜੀ ਨੇ ਜਵਾਬ ਦਿਤਾ ਕਿ ਮੈਂ ਤਾਂ ਕਮੇਟੀ ਦਾ ਪਰਧਾਨ ਹਾਂ ਮੈਨੂੰ ਇਹਨਾਂ ਮੰਗਲਾਂ ਦਾ ਕੋਈ ਪਤਾ ਨਹੀਂ। ਇਹ ਸਾਡੀ ਧਰਮ ਸਲਾਹਕਾਰ ਕਮੇਟੀ ਜਾਣ ਸਕਦੀ ਹੈ। ਬਹੁਤ ਵਿਚਾਰ ਹੋਈ ਪਰ ਮਾਸਟਰ ਜੀ ਕਿਸੇ ਭੀ ਗੱਲ ਪਰ ਨਹੀਂ ਆਏ। ਸੰਤ ਮਹਾਰਾਜ ਪੰਜ ਸਿੰਘਾ ਦੇ ਸਮੇਤ ਮਾਸਟਰ ਜੀ ਨੂੰ ਮੱਥਾ ਟੇਕ ਕੇ ਵਾਪਸ ਆ ਗਏ। ਦੂਸਰੇ ਦਿਨ ਹੀ ਮਾਸਟਰ ਜੀ ਨੇ ਆਪਣੇ ਅਖਬਾਰ ਵਿਚ ਲੇਖ ਦੇ ਦਿਤਾ ਸੰਤ ਮਹਾਰਾਜ ਜੀ ਦੀ ਗਲ ਬਾਤ ਬਾਰੇ ਕਿ ਇਕ ਸਾਧ ਮੇਰੇ ਪਾਸ ਆਇਆ ਸੀ ਗੁਰੂ ਮਹਾਰਾਜ ਜੀ ਦੇ ਮੰਗਲਾਂ ਬਾਬਤ। ਮੈਂਨੇ ਤਿਸ ਨੂੰ ਨਰੁਤਰ ਕਰਕੇ ਮੋੜ ਦਿਤਾ ਹੈ। ਇਸੀ ਤਰ੍ਹਾਂ ਦੋ ਵਾਰੀ ਹੋਰ ਮਾਸਟਰ ਜੀ ਨਾਲ ਮੁਲਾਕਾਤ ਕੀਤੀ। ਸੰਤ ਮਹਾਰਾਜ ਜੀ ਨੇ ਆਪਣੇ ਸੁਭਾ ਦੇ ਮੁਤਾਬਿਕ ਨਿਮਰਤਾ ਨਾਲ ਮਾਸਟਰ ਜੀ ਦੇ ਚਰਨੀਂ ਹੱਥ ਲਾ ਕੇ ਗਲ ਬਾਤ ਸ਼ੁਰੂ ਕਰਨੀ, ਪਰ ਮਾਸਟਰ

ਜੀ ਨੇ ਕੋਈ ਭੀ ਸਿਰਾ ਪਲਾ ਨਹੀਂ ਫੜਾਇਆ ਅਤੇ ਨਾ ਹੀ ਮਾਸਟਰ ਤਾਰਾ ਸਿੰਘ ਜੀ ਨੇ ਕਦੇ ਸੰਤ ਮਹਾਰਾਜ ਜੀ ਦਾ ਪੰਜਾਂ ਸਿੰਘਾਂ ਸਮੇਤ ਗੁਰੂ ਘਰ ਦੇ ਅਸੂਲ ਅਨੁਸਾਰ ਫ਼ਤਹਿ ਬੁਲਾ ਕੇ ਸਵਾਗਤ ਕੀਤਾ। ਹੋਰ ਏਸ ਮਸਲੇ ਤੇ ਸਾਰੀ ਵਿਆਖਿਆ ਸੰਤ ਮਹਾਰਾਜ ਜੀ ਦੇ ਬੜੇ ਜੀਵਨ ਵਿਚ ਦਿਤੀ ਜਾਏਗੀ। ਗੁਰੂ ਮਹਾਰਾਜ ਜੀ ਦੇ ਮੰਗਲਾਂ ਬਾਬਤ ਸ਼ਰੋਮਣੀ ਕਮੇਟੀ ਕਿਸੇ ਭੀ ਵਿਚਾਰ ਪਰ ਖੜੀ ਨਾ ਹੋਈ। ਜੋ ਅਜੇ ਤਕ ਇਹ ਮਸਲਾ ਜਾਰੀ ਹੈ, ਪਰ ਹੁਣ ਕੁਛ ਉਮੀਦ ਹੋਈ ਹੈ ਜਦ ਕਿ ਸੰਤ ਫਤਹਿ ਸਿੰਘ ਜੀ ਦਾ ਧੜਾ ਸ਼ਰੋਮਣੀ ਕਮੇਟੀ ਪਰ ਕਾਬਜ਼ ਹੈ, ਪਰ ਬੀੜ ਅਜੇ ਛਪਣ ਨਹੀਂ ਲਗੀ। ਇਸੇ ਮਸਲੇ ਦੌਰਾਨ ਸੰਨ ੧੯੫੭ ਈਸਵੀ ਮਹੀਨੇ ਸਤੰਬਰ ਵਿਚ ਸੰਤ ਮਹਾਰਾਜ ਜੀ ਦਾ ਸਰੀਰ ਕੁਛ ਬੀਮਾਰੀ ਨਾਲ ਢਿਲਾ ਹੋ ਗਿਆ। ਸੋ ਹਜ਼ੂਰ ਸੋਲਨ ਤੋਂ ਜਦੋਂ ਮਨੀ ਮਾਜਰੇ ਗੁਰਦਵਾਰਾ ਕੂਣੀ ਸਾਹਿਬ ਆਏ ਤਾਂ ਚੀਫ ਮਨਿਸਟਰ ਪੰਜਾਬ ਸ: ਪਰਤਾਪ ਸਿੰਘ ਜੀ ਕੈਰੋਂ ਦੋ ਸਿਵਲ ਸਰਜਨਾਂ ਨੂੰ ਨਾਲ ਲੈ ਕੇ ਸੰਤ ਮਹਾਰਾਜ ਜੀ ਪਾਸ ਮਨੀ ਮਾਜਰੇ ਆਏ। ਜਦੋਂ ਅਰਜ਼ ਕੀਤੀ ਕਿ ਮਹਾਰਾਜ ਜੀ ਦੋ ਸਿਵਲ ਸਰਜਨ ਹਨ ਜੋ ਕਿ ਆਪ ਜੀ ਦੀ ਬੀਮਾਰੀ ਦੀ ਤਫਤੀਸ਼ ਕਰਨਗੇ ਤਾਂ ਜੋ ਅਲਾਜ ਕੀਤਾ ਜਾਏ। ਸੰਤ ਮਹਾਰਾਜ ਜੀ ਕਹਿਣ ਲਗੇ ਕਿ ਇਹਨਾਂ ਡਾਕਟਰਾਂ ਨੂੰ ਸਾਡੀ ਬੀਮਾਰੀ ਦਾ ਕੁਛ ਪਤਾ ਨਹੀਂ। ਨਾ ਹੀ ਇਹ ਡਾਕਟਰ ਸਾਡਾ ਅਲਾਜ ਕਰ ਸਕਦੇ ਹਨ, ਕਿਉਂਕਿ ਸੰਤ ਮਹਾਰਾਜ ਜੀ ਦੇ ਚਿਤ ਵਿਚ ਗੁਰੂ ਮਹਾਰਾਜ ਦੀ



Jeevan Kiran - Sant Jawala Singh Ji, Harkhowal Wale
http://www.santgarh.com © 2014

ਦੀਆਂ ਬੀੜਾਂ ਦਾ ਬੜਾ ਦੁਖ ਸੀ। ਸ਼ਰੋਮਣੀ ਕਮੇਟੀ ਦੇ ਕਾਬਜ਼ ਸਿਖਾਂ ਪਰ ਬਹੁਤ ਅਫਸੋਸ ਸੀ ਕਿ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਗਲ ਬਾਤ ਕਰਕੇ ਫਿਰ ਆਪਣੇ ਬਚਨ ਪਰ ਨਹੀਂ ਰਹਿੰਦੇ। ਫਿਰ ਸਰਦਾਰ ਕੈਰੋਂ ਨੇ ਗੁਰੂ ਮਹਾਰਾਜ ਜੀ ਦੀਆਂ ਬੀੜਾਂ ਬਾਬਤ ਹਜ਼ੂਰ ਤੋਂ ਪੁਛਿਆ ਤਾਂ ਸੰਤ ਮਹਾਰਾਜ ਜੀ ਨੇ ਉਤਰ ਦਿਤਾ ਕਿ ਜਿਸ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਰਚੀ ਹੈ, ਸੋ ਸਤਿਗੁਰੂ ਇਹਨਾਂ ਨੂੰ ਆਪੇ ਠੀਕ ਕਰ ਲਵੇਗਾ। ਫਿਰ ਸੰਤ ਮਹਾਰਾਜ ਜੀ ਮਨੀ ਮਾਜਰੇ ਤੋਂ ਲੁਧਿਆਣੇ ਸਰਦਾਰ ਗੁਰਬਖਸ਼ ਸਿੰਘ ਜੀ ਦੇ ਘਰ ਆਏ। ਲੁਧਿਆਣੇ ਤੋਂ ਦੂਸਰੇ ਦਿਨ ਮੁਕੇਰੀਆ ਨੂੰ ਚਲੇ ਗਏ, ਜਿਥੇ ਕਿ ਸੰਤ ਮਹਾਰਾਜ ਜੀ ਦੇ ਹੁਕਮ ਨਾਲ ਸੰਤ ਹਰੀ ਸਿੰਘ ਜੀ ਨੇ ਕਿਲਾ ਸਾਹਿਬ ਗੁਰਦਵਾਰਾ ਅਬਾਦ ਕੀਤਾ ਸੀ। ਸੰਤ ਹਰੀ ਸਿੰਘ ਜੀ ਸੰਤ ਮਹਾਰਾਜ ਜੀ ਦੇ ਸ਼ਰਧਾਵਾਨ ਸਿਖਾਂ ਵਿਚੋਂ ਹਨ। ਫਿਰ ਕੁਛ ਦਿਨ ਮੁਕੇਰੀਆ ਅਟਕ ਕੇ ਆਪ ਜੀ ਡੁਮੇਲੀ ਸੰਤ ਬਾਬਾ ਦਲੀਪ ਸਿੰਘ ਜੀ ਵੈਦ ਦੇ ਟਿਕਾਣੇ ਕੁਟੀਆ ਪਰ ਆਏ। ਡੁਮੇਲੀ ਤੋਂ ਮਹਾਰਾਜ ਜੀ ਦਾ ਖਿਆਲ ਸੀ ਸੰਤ ਮਹਿੰਦਰ ਸਿੰਘ ਜੀ ਦੇ ਦਸੇ ਮੁਤਾਬਿਕ ਕਿ ਡੇਰੇ ਸੰਤ ਗੜ੍ਹ (ਹਰਖੋਵਾਲ) ਜਾਣ ਲਈ ਮੁਕੇਰੀਆ ਤੋਂ ਆਏ ਸਨ, ਪਰ ਡੁਮੇਲੀ ਇਕ ਬੜੇ ਵੀਤ ਰਾਗ ਮਸਤਾਨੇ ਮਹਾਂ ਪੁਰਸ਼ ਸਨ, ਤਿਨਾਂ ਦੇ ਹੁਕਮ ਅਨੁਸਾਰ ਡੁਮੇਲੀ ਹੀ ਟਿਕ ਗਏ, ਕਿਉਂਕਿ ਸੰਤ ਮਹਾਰਾਜ ਜੀ ਦਾ ਸੁਭਾ ਸ੍ਰੀ ਹਜ਼ੂਰ ਮਹਾਰਾਜ ਆਇਆ ਸਿੰਘ ਦੇ ਹੁਕਮ ਅਨੁਸਾਰ ਸੰਤਾਂ



Jeevan Kiran - Sant Jawala Singh Ji, Harkhowal Wale
http://www.santgarh.com © 2014

ਦੇ ਬਚਨ ਮੰਨਣ ਦਾ ਬਹੁਤ ਸੀ। ਇਸ ਵਾਸਤੇ ਬਾਬੇ ਮਸਤਾਂ ਦੇ ਕਹੇ ਡੁਮੇਲੀ ਅਟਕ ਗਏ। ਇਕ ਮਹੀਨਾ ਰਹੇ। ਜੋਤੀ ਜੋਤ ਸਮਾਉਣ ਤੋਂ ਦਸ ਦਿਨ ਪਹਿਲਾਂ ਦਾਸ ਸੰਤ ਮਹਾਰਾਜ ਜੀ ਦੇ ਦਰਸ਼ਨ ਨੂੰ ਕੋਲ ਗਿਆ। ਹਜ਼ੂਰ ਦਾ ਹੱਥ ਚੁਕ ਕੇ ਸਰੀਰ ਦੀ ਹਾਲਤ ਦੇਖੀ। ਚਿਤ ਨੂੰ ਦੁਖ ਹੋਇਆ, ਦੁਖ ਭਰੇ ਹਿਰਦੇ ਨਾਲ ਬਾਹਰ ਆ ਗਿਆ। ਮੇਰੀ ਹਾਲਤ ਦੇਖ ਕੇ ਫਿਰ ਦਾਸ ਨੂੰ ਆਪਣੇ ਪਾਸ ਬੁਲਾਇਆ। ਮੇਰੇ ਨਾਲ ਬਾਵਾ ਦੀਦਾਰ ਸਿੰਘ ਜੀ, ਗਿਆਨੀ ਹਰਬੰਸ ਸਿੰਘ ਜੀ ਡੁਮੇਲੀ ਤੇ ਸੰਤ ਗਿਆਨ ਸਿੰਘ ਜੀ ਸੰਤ ਮਹਾਰਾਜ ਜੀ ਪਾਸ ਗਏ। ਸੰਤ ਮਹਾਰਾਜ ਜੀ ਨੇ ਦਾਸ ਵਲ ਦੇਖ ਕੇ ਬਚਨ ਕੀਤਾ ਕਿ ਇਹ ਸਰੀਰ ਕਿਸ ਦਾ ਹੈ। ਦਾਸ ਨੇ ਕਿਹਾ ਕਿ ਅਕਾਲ ਪੁਰਖ ਦਾ ਹੈ। ਹਜ਼ੂਰ ਨੇ ਕਿਹਾ ਕਿ ਫੇਰ ਜੇ ਅਕਾਲ ਪੁਰਖ ਜਿਸ ਦੀ ਇਹ ਸਰੀਰ ਅਮਾਨਤ ਹੈ, ਲੈ ਲਵੇ ਤਾਂ ਕੋਈ ਰੋਸ ਨਹੀਂ ਹੋਣਾ ਚਾਹੀਦਾ। ਦਾਸ ਨੇ ਕਿਹਾ ਕਿ ਹਜ਼ੂਰ ਰੋਸ ਤਾਂ ਕੋਈ ਨਹੀਂ ਪਰ ਵਿਛੋੜੇ ਦਾ ਦੁਖ ਬਹੁਤ ਹੈ। ਫੇਰ ਹਜ਼ੂਰ ਨੇ ਕਿਹਾ ਕਿ ਚੰਗਾ ਇਹ ਸਰੀਰ ਹੁਣ ਅਕਾਲ ਪੁਰਖ ਦੇ ਹੁਕਮ ਨਾਲ ਨਹੀਂ ਰਹੇਗਾ ਤੇ ਇਸ ਸਰੀਰ ਨੂੰ ਅਗਨ ਆਦਿਕ ਦਾਹ ਨਹੀਂ ਕਰਨਾ। ਸਾਡੇ ਪਿਤਾ ਪੁਰਖੀ ਅਨੁਸਾਰ ਜਲ ਪਰਵਾਹ ਕਰਨਾ। ਦਾਸ ਨੇ ਕਿਹਾ ਕਿ ਕਿਸ ਜਗਾ ਜਲ ਪ੍ਵਾਹ ਕਰੀਏ ਤਾਂ ਹਜ਼ੂਰ ਨੇ ਬਿਆਸ ਅਤੇ ਸਤਲੁਜ ਦਾ ਹੁਕਮ ਲਾਇਆ ਜੋ ਅਖੀਰ ਸਮੇਂ ਹਜ਼ੂਰ ਨੇ ਬਿਭੌਰ ਸਾਹਿਬ ਗੋਬਿੰਦ ਸਾਗਰ ਵਿਚ ਜਲ ਪਰਵਾਹ ਕਰਨ ਦਾ ਹੁਕਮ ਕੀਤਾ ਤਾਂ ਫਿਰ ਦਾਸ ਨੇ ਬੜੀ



Jeevan Kiran - Sant Jawala Singh Ji, Harkhowal Wale
http://www.santgarh.com © 2014

ਨਿੰਮਰਤਾ ਨਾਲ ਪੁਛਿਆ ਕਿ ਹਜ਼ੂਰ ਆਪ ਜੈਸੇ ਮਹਾਂ ਪੁਰਸ਼ਾਂ ਤੋਂ ਬਾਦ ਮਹੰਤੀਆਂ ਦਾ ਝਗੜਾ ਹੁੰਦਾ ਹੈ। ਆਪ ਜੀ ਜੋਗ ਸਜਨ ਦੀ ਸੇਵਾ ਦਾ ਹੁਕਮ ਕਰ ਦੇਵੇ ਕਿ ਫਲਾਣਾ ਸਿੰਘ ਸਾਡੇ ਸਰੀਰ ਤੋਂ ਬਾਦ ਸੰਗਤ ਦਾ ਮੁਖੀ ਸੇਵਾਦਾਰ ਹੋ ਕੇ ਸੇਵਾ ਕਰੇਗਾ ਤਾਂ ਹਜ਼ੂਰ ਨੇ ਕਿਹਾ ਕਿ ਸਾਨੂੰ ਅਕਾਲ ਪੁਰਖ ਦਾ ਹੁਕਮ ਨਹੀਂ। ਸੋ ਅਕਾਲ ਪੁਰਖ ਆਪ ਹੀ ਠੀਕ ਕਰ ਲਵੇਗਾ। ਫਿਕਰ ਕਰਨ ਦੀ ਲੋੜ ਨਹੀਂ ਤਾਂ ਫਿਰ ਹਜ਼ੂਰ ਠੀਕ ਦਸ ਦਿਨ ਬਾਦ ਦਿਨ ਬੁਧਵਾਰ ੨੮ ਕਤਕ ਮੁਤਾਬਿਕ ੧੩ ਨਵੰਬਰ ੧੫੭ ਸੁਬ੍ਹਾ ੭ ਵਜ ਕੇ ੪੦ ਮਿੰਟ ਪਰ ਆਪਣੇ ਸਵਾਸ ਇਕ ਦਮ ਦਸਮ ਦਵਾਰ ਨੂੰ ਚੜ੍ਹਾ ਲਏ, ਜੋ ਫਿਰ ਵਾਪਸ ਨਹੀਂ ਆਏ। ਤਿਨਾਂ ਸਵਾਸਾਂ ਨਾਲ ਹੀ ਬ੍ਰਹਮ ਰੁੰਦਰ ਨਾੜੀ ਨੂੰ ਫੋੜ ਕੇ ਪਰਲੋਕ ਸਚਖੰਡ ਨਿਰੰਕਾਰ ਵਿਚ ਲਿਵਲੀਨ ਹੋ ਗਏ। ਹੁਕਮ ਮੁਤਾਬਿਕ ਹਜ਼ੂਰ ਜੀ ਦਾ ਸਰੀਰ ਗੁਰਦਵਾਰਾ ਬਿਭੌਰ ਸਾਹਿਬ ਲਿਜਾਇਆ ਗਿਆ। ਠੀਕ ਦਸ ਵਜੇ ੨੯ ਕਤਕ ਨੂੰ ਸਰੀਰ ਜਲ ਪਰਵਾਹ ਕਰ ਦਿਤਾ ਗਿਆ। ਡੇਰੇ ਵਿਚ ਹਜ਼ੂਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਾਵਨ ਰੀਤੀ ਅਨੁਸਾਰ ਪੰਜਾਂ ਸਿੰਘਾਂ ਦੀ ਕਮੇਟੀ ਬਣਾਈ ਹੋਈ ਸੀ, ਜੋ ਹਜ਼ੂਰ ਦੇ ਹੁਕਮ ਵਿਚ ਡੇਰੇ ਦੇ ਕਾਰੋਬਾਰ ਦਾ ਪਰਬੰਧ ਰਖਦੀ ਤੇ ਸੇਵਾ ਤਤਪਰ ਹੋ ਕੇ ਕਰਦੇ ਸਨ। ਜੋ ਹੁਣ ਤਕ ਸੇਵਾ ਕਰ ਰਹੇ ਹਨ, ਤਿਨਾ ਦੇ ਨਾਮ ਸ੍ਰੀ ਮਾਨ ਸੰਤ ਜਗਾ ਸਿੰਘ ਜੀ, ਸ੍ਰੀ ਮਾਨ ਜਥੇਦਾਰ ਸੰਤ ਜਨਕ ਸਿੰਘ ਜੀ, ਸ੍ਰੀਮਾਨ ਸੰਤ ਬਾਹਲ ਸਿੰਘ ਜੀ,



Jeevan Kiran - Sant Jawala Singh Ji, Harkhowal Wale
http://www.santgarh.com © 2014

ਸ੍ਰੀਮਾਨ ਸੰਤ ਪਾਖਰ ਸਿੰਘ ਜੀ, ਸ੍ਰੀ ਬਾਬਾ ਸਾਹਿਬ ਸਿੰਘ ਜੀ, ਜਿਸ ਬਾਬਾ ਜੀ ਦੇ ਨਾਮ ਪਰ ਸੰਤ ਮਹਾਰਾਜ ਜੀ ਦੇ ਹੁੰਦਿਆਂ ਬਾਹਰੋਂ ਸੰਗਤਾਂ ਮਾਇਆ ਮਨੀਆਰਡਰ ਕਰਦੀਆਂ ਸਨ ਤੇ ਹੁਣ ਭੀ ਤਿਸ ਬਾਬਾ ਸਾਹਿਬ ਸਿੰਘ ਜੀ ਦੇ ਨਾਮ ਪਰ ਹੀ ਮਾਇਆ ਮਨੀਆਰਡਰ ਆਉਂਦੀ ਹੈ। ਇਹਨਾਂ ਪੰਜਾਂ ਸੰਤਾਂ ਨੇ ਡੇਰੇ ਦੇ ਸਾਰੇ ਸਾਧੂਆਂ ਨਾਲ ਮਿਲ ਕੇ ਅਤੇ ਗੁਰਮਤਾ ਕਰਕੇ ਜਿਸ ਵਿਚ ਬਾਹਰ ਦੇ ਆਏ ਹੋਏ ਸਾਧੂ ਭੀ ਸਨ, ਸੰਤ ਮਹਾਰਾਜ ਕਹਾਰ ਪੁਰੀ ਪੰਡਤ ਨਿਹਚਲ ਸਿੰਘ ਜੀ ਜਗਾਦਰੀ; ਸੰਤ ਕਰਤਾਰ ਸਿੰਘ ਜੀ ਪਟਨ ਵਾਲੇ; ਸੰਤ ਨੰਦ ਸਿੰਘ ਜੀ ਰਾਮ ਗੜ, ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਮਾਝਾ ਸਿੰਘ ਜੀ ਹੋਤੀ ਮਰਦਾਨ ਵਾਲੇ, ਸਾਰੇ ਸਾਧੂਆਂ ਨੇ ਛੇਵੇਂ ਸੰਤ ਮਹਿੰਦਰ ਸਿੰਘ ਜੀ ਨੂੰ ਦਸਤਾਰ ਬੰਦੀ ਕਰ ਦਿਤੀ ਤੇ ਸਾਰੇ ਸਾਧੂਆਂ ਨੇ ਮਿਲ ਕੇ ਹੁਕਮ ਕੀਤਾ ਕਿ ਅੱਗੇ ਵਾਸਤੇ ਸਾਰੀ ਸੇਵਾ ਸੰਤ ਮਹਿੰਦਰ ਸਿੰਘ ਜੀ ਨਿਭਾਣਗੇ।



Jeevan Kiran - Sant Jawala Singh Ji, Harkhowal Wale
http://www.santgarh.com © 2014